

**ਸੰਸਥਾਪਕ :**
ਸੱਚਖੰਡ ਵਾਸੀ ਸੰਤ ਬਾਬਾ ਸੁੱਚਾ ਸਿੰਘ ਜੀ
ਬਾਨੀ ਜਵੱਦੀ ਟਕਸਾਲ

**ਮੁੱਖ ਸਰਪ੍ਰਸਤ :**
ਸੰਤ ਗਿਆਨੀ ਅਮੀਰ ਸਿੰਘ ਜੀ
ਮੁਖੀ, ਜਵੱਦੀ ਟਕਸਾਲ

**ਪ੍ਰਬੰਧਕੀ ਸੰਪਾਦਕ :**
ਭਾਈ ਸੋਹਨ ਸਿੰਘ

**ਸੰਪਾਦਕ :**
ਪਰਮਜੀਤ ਸਿੰਘ ਪੰਮੀ

**ਆਨਰੇਰੀ ਸੰਪਾਦਕ :**
ਭਾਈ ਸੁਖਵੰਤ ਸਿੰਘ

**ਸਾਲਾਨਾ ਚੰਦਾ** : 250/- ਵਿਦੇਸ਼
45$/35 ਪੌਂਡ
ਪ੍ਰਤੀ ਕਾਪੀ : 20/-

ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ
ਸੰਪਾਦਕ : **ਵਿਸਮਾਦੁ ਨਾਦ**
**ਗੁਰਦੁਆਰਾ ਗੁਰ ਗਿਆਨ ਪ੍ਰਕਾਸ਼**
ਜਵੱਦੀ ਟਕਸਾਲ, ਲੁਧਿਆਣਾ-141013
ਫੋਨ: 0161-2562596, 5108696,
ਫੈਕਸ: 2560533 ਮੋ: 94170-44275
E-mail : jawaddi.taksal@gmail.com
Website : www.jawadditaksal.org

## ਤਤਕਰਾ

1. **ਸੰਪਾਦਕੀ** 2
ਪਰਮਜੀਤ ਸਿੰਘ ਪੰਮੀ
2. **ਕਥਾ ਬਾਰਹਮਾਹ - ਮਹੀਨਾ** 3
ਸੰਤ ਗਿਆਨੀ ਅਮੀਰ ਸਿੰਘ ਜੀ
3. **ਤਖ਼ਤ, ਪੰਜ ਪਿਆਰੇ ਅਤੇ ਸਿੰਘ ਸਾਹਿਬਾਨ** – ਡਾ. ਬਲਕਾਰ ਸਿੰਘ 7
4. **ਗੁਰਮਤਿ ਸੰਗੀਤ ਵਿਚ-ਧਰੁਪਦ ਗਾਇਕੀ ਦਾ ਯੋਗਦਾਨ** 18
ਡਾ. ਦਰਸ਼ਨ ਸਿੰਘ ਨਰੂਲਾ
5. **ਰਾਗ ਪ੍ਰੀਚੈ -ਰਾਗ ਬਿਹਾਗੜਾ** 35
ਪ੍ਰਿੰ. ਸੁਖਵੰਤ ਸਿੰਘ ਜੀ
6. **ਆਹਾਰ ਵਿਹਾਰ** 37
ਪਰਮਜੀਤ ਸਿੰਘ ਪੰਮੀ
7. **ਸਰਗਰਮੀਆਂ**
*ਵਿਸਮਾਦੁ ਨਾਦ ਬਿਊਰੋ* 40

### ਜ਼ਰੂਰੀ ਸੂਚਨਾ

*ਵਿਸਮਾਦੁ ਨਾਦ ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਮੈਂਬਰਾਂ ਦੀ ਸਾਲਾਨਾ ਮੈਂਬਰਸ਼ਿਪ ਦਸੰਬਰ ਵਿੱਚ ਸਮਾਪਤ ਹੋ ਰਹੀ ਹੈ ਕਿਰਪਾ ਕਰਕੇ ਉਹ ਆਪਣੀ ਸਾਲ 2007 ਦੀ ਮੈਂਬਰਸ਼ਿੱਪ 250 ਰੁ: ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਦੇ ਦਫਤਰ ਵਿਖੇ ਭੇਜਣ ਦੀ ਕਿਰਪਾਲਤਾ ਕਰਨੀ ਜੀ।ਇਹ ਮੈਂਬਰਸ਼ਿਪ ਮਨੀਆਰਡਰ ਰਾਹੀਂ ਜਾਂ ਚੈਕ ਡ੍ਰਾਫਟ ਜਵੱਦੀ ਟਕਸਾਲ ਦੇ ਨਾਂ 'ਤੇ ਵੀ ਭੇਜੀ ਜਾ ਸਕਦੀ ਹੈ ਜੀ।*

ਇਸ ਮੈਗਜ਼ੀਨ ਵਿੱਚ ਛਪੇ ਲੇਖਾਂ ਅਤੇ ਰਚਨਾਵਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ, ਇਨ੍ਹਾਂ ਵਿਚਾਰਾਂ ਨਾਲ ਪ੍ਰਕਾਸ਼ਕ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ





# ਪੰਜਾਬ ਦੀ ਧਰੁਪਦ ਗਾਇਕੀ

ਧਰੁਪਦ ਸ਼ਬਦ ਦੀ ਉਤਪਤੀ ਦੋ ਸ਼ਬਦਾਂ - ਧਰੁਵ + ਪਦ ਤੋਂ ਹੋਈ ਹੈ, ਧਰੁਵ ਦਾ ਅਰਥ ਹੈ ਨਿਸ਼ਚਿਤ ਜਾਂ ਨਿਯਤ ਅਤੇ ਪਦ ਦਾ ਅਰਥ ਹੈ ਸੁਰ, ਛੰਦ ਯਤੀ ਜਾਂ ਤਾਲ ਵਿੱਚ ਨਿਯਮਬੱਧ ਸ਼ਬਦ ਰਚਨਾ। ਇਉਂ ਧਰੁਪਦ ਦਾ ਅਰਥ ਹੋਇਆ ਕਿਸੇ ਵਿਸ਼ੇਸ਼ ਰਾਗ 'ਤੇ ਆਧਾਰਿਤ ਸੁਰ-ਤਾਲ-ਛੰਦਬੱਧ ਸ਼ਬਦ ਰਚਨਾ। ਇਸ ਗਾਇਨ ਸ਼ੈਲੀ ਦੀ ਉਤਪਤੀ ਤੇ ਵਿਕਾਸ ਭਾਰਤੀ ਪ੍ਰਬੰਧ ਗਾਇਨ ਦੇ ਮੂਲ ਤੱਤਾਂ ਦੇ ਆਧਾਰ 'ਤੇ ਹੀ ਕੀਤਾ ਗਿਆ ਅਤੇ ਇਸ ਦਾ ਨਾਮ ਧਰੁਪਦ ਰੱਖਿਆ ਗਿਆ। ਪ੍ਰਬੰਧ ਗਾਇਕੀ ਵਿੱਚ ਚਾਰ ਧਾਤੂ - ਉਦਗ੍ਰਾਹ, ਮੇਲਾਪਕ, ਧਰੁਵ ਅਤੇ ਆਭੋਗ ਅਤੇ ਛੇ ਅੰਗ - ਤੇਨਕ ਪਦ, ਪਾਟ ਵਿਰੁਦ, ਤਾਲ ਅਤੇ ਸੁਰ ਹੁੰਦੇ ਸਨ। ਇਨ੍ਹਾਂ ਦੇ ਆਧਾਰ 'ਤੇ ਹੀ ਧਰੁਪਦ ਦਾ ਨਿਰਮਾਣ ਸਰਵੋਤਮ ਨਾਇਕਾ ਵਜੋਂ ਕੀਤਾ ਗਿਆ। ਇਉਂ ਧਰੁਪਦ ਦਾ ਵਿਕਾਸ ਪ੍ਰਬੰਧ ਗਾਇਨ ਸ਼ੈਲੀ ਦੇ ਆਧਾਰ 'ਤੇ ਹੋਇਆ।

ਧਰੁਪਦ ਦਾ ਵਿਕਾਸ ਕਰਨ ਵਿੱਚ ਪੰਜਾਬ ਦੇ ਸੰਗੀਤਕਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਭਰਤ ਦੁਆਰਾ ਵਰਣਿਤ ਧਰੁਵ ਗਾਇਨ ਇਸ ਦਾ ਪ੍ਰਾਰੰਭਿਕ ਰੂਪ ਮੰਨਿਆ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਧਰੁਪਦ ਗਾਇਕੀ ਨੂੰ ਉੱਤਰ ਭਾਰਤੀ ਸੰਗੀਤ ਪੱਧਤੀ ਦੀ ਪ੍ਰਾਚੀਨ ਗਾਇਨ ਸ਼ੈਲੀ ਮੰਨਿਆ ਜਾਂਦਾ ਹੈ ਪ੍ਰੰਤੂ ਅੱਜ ਤੋਂ 5-6 ਸਦੀਆਂ ਪਹਿਲਾਂ ਪੰਜਾਬ ਵਿੱਚ ਇਹ ਗਾਇਕੀ ਬਹੁਤ ਜ਼ਿਆਦਾ ਪ੍ਰਚੱਲਿਤ ਰਹੀ। ਇਸ ਸਮੇਂ ਦੌਰਾਨ ਧਰੁਪਦ ਰਚਨਾਵਾਂ ਲਈ ਜ਼ਿਆਦਾਤਰ ਸੰਸਕ੍ਰਿਤ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਸੀ। ਧਰੁਪਦ ਗਾਇਕੀ ਦਾ ਪ੍ਰਚਾਰ ਪੰਜਾਬ ਵਿੱਚ ਕਈ ਪੱਧਰਾਂ 'ਤੇ ਹੋਇਆ ਹੈ। ਸੰਤ ਭਗਤ ਅਤੇ ਕਵੀਆਂ ਦੁਆਰਾ ਰਚੇ ਗਏ ਪਦਿਆਂ ਦੇ ਗਾਇਨ ਵਿੱਚ ਧਰੁਪਦ ਗਾਇਕੀ ਦਾ ਰੰਗ ਪ੍ਰਮੁੱਖ ਤੌਰ 'ਤੇ ਮਿਲਦਾ ਸੀ। ਇਨ੍ਹਾਂ ਤੋਂ ਇਲਾਵਾ ਸਿੱਖ ਗੁਰੂ ਸਾਹਿਬਾਨ ਨੇ ਵੀ ਬਾਣੀ ਦੀ ਰਚਨਾ ਸਮੇਂ ਪਦਿਆਂ ਦੇ ਰੂਪ ਵਿੱਚ ਧਰੁਪਦ ਗਾਇਕੀ ਨੂੰ ਖਾਸ ਤੌਰ 'ਤੇ ਆਧਾਰ ਬਣਾਇਆ। ਇਸ ਬਾਣੀ ਦੇ ਪਦਿਆਂ ਦੀ ਸੰਗੀਤ ਨਿਯਮਬੱਧਤਾ ਇਸ ਕਾਵਿ ਦੇ ਵਿਸ਼ੇਸ਼ ਪ੍ਰਬੰਧ ਤੋਂ ਹੀ ਲਗਾਈ ਜਾ ਸਕਦੀ ਹੈ। 16ਵੀਂ ਸਦੀ ਵਿੱਚ ਦੋ ਪੰਜਾਬੀ ਧਰੁਪਦ ਗਾਇਕ ਸੁਦਾਗਰ ਤੇ ਦਿਵਾਕਰ ਦੀ ਬਹੁਤ ਚੜ੍ਹਤ ਸੀ। ਬਾਅਦ ਵਿੱਚ ਇਹ ਇਸਲਾਮ ਧਰਮ ਕਬੂਲ ਕਰਨ ਉਪਰੰਤ ਚਾਂਦ ਖਾਂ ਅਤੇ ਸੂਰਜ ਖਾਂ ਦੇ ਨਾਲ ਮਸ਼ਹੂਰ ਹੋਏ।

ਧਰੁਪਦ ਗਾਇਕੀ ਦੇ ਪ੍ਰਚਲਨ ਲਈ ਪੰਜਾਬ ਦੇ ਕਈ ਸੰਗੀਤ ਘਰਾਣੇ ਸਰਗਰਮ ਰਹੇ ਜਿਨ੍ਹਾਂ ਵਿੱਚ ਤਲਵੰਡੀ ਘਰਾਣੇ ਦੇ ਪ੍ਰਸਿੱਧ ਉਸਤਾਦ ਮੌਲਾ ਦਾਦ ਖਾਂ, ਭਾਈ ਉੱਤਮ ਸਿੰਘ, ਇਲਿਆਸ ਖਾਂ, ਪੰਡਤ ਅਮੀਂ ਚੰਦ, ਪੰਡਤ ਨੱਥੂ ਰਾਮ, ਜਾਡਲਾ ਘਰਾਣੇ ਦੇ ਮੌਲਾ ਬਖਸ਼, ਮੀਆਂ ਤਵਕੱਲ ਖਾਂ, ਫਿਲੌਰ ਘਰਾਣੇ ਦੇ ਖਾਂ ਸਾਹਿਬ, ਅਹਿਮਦ ਬਖਸ਼, ਸ਼ਾਮ ਚੁਰਾਸੀ ਘਰਾਣੇ ਦੇ ਸਾਂਈਂ ਮੀਆਂ ਕਰੀਮ ਬਖਸ਼, ਇਨਾਇਤ ਖਾਂ, ਅਹਿਮਦ ਅਲੀ, ਵਿਲਾਇਤ ਅਲੀ, ਹਰਿਆਣਾ ਘਰਾਣੇ ਦੇ (ਇਸ ਘਰਾਣੇ ਦਾ ਸੰਬੰਧ ਸੁਆਮੀ ਹਰੀਦਾਸ ਨਾਲ ਮੰਨਿਆ ਜਾਂਦਾ ਹੈ) ਭਗਤ ਛੱਜੂ ਰਾਮ, ਸ੍ਰੀ ਗੁੱਜਰ ਰਾਮ ਵਾਸੁਦੇਵ 'ਰਾਗੀ' ਵਰਗੇ ਮਹਾਨ ਧਰੁਪਦੀਏ ਅੱਜ ਵੀ ਸੰਗੀਤ ਇਤਿਹਾਸ ਦੇ ਪੰਨਿਆਂ 'ਤੇ ਰੁਸ਼ਨਾ ਰਹੇ ਹਨ।

ਪਰਮਜੀਤ ਸਿੰਘ ਪੰਮੀ

# ਕਥਾ ਵੀਚਾਰ ਮੰਘਿਰਿ ਮਹੀਨਾ

ਸੰਤ ਗਿਆਨੀ ਅਮੀਰ ਸਿੰਘ ਜੀ

**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥**
**ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥**
**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥**
**ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥**
**ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥**
**ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥**
**ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥**
**ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥ (ਅੰਗ ੧੩੩)**

**ਭੂਮਿਕਾ:** ਇਹ ਪਵਿੱਤਰ ਬਚਨ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਪਵਿੱਤਰ ਬਾਣੀ ਬਾਰਾਮਾਹ ਦਾ 10ਵਾਂ ਪਦ ਹੈ। ਇਸ ਬਚਨ ਵਿੱਚ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਹੜੇ ਜੀਵ ਉਸ ਪਰਮ ਪਿਤਾ ਪ੍ਰਮੇਸ਼ਵਰ ਨਾਲ ਮਿਲ ਜਾਂਦੇ ਹਨ ਉਹ ਬੜੇ ਸ੍ਰੇਸ਼ਟ ਤੇ ਸਰਬ ਗੁਣ ਸੰਪੰਨ ਹੋ ਜਾਂਦੇ ਹਨ। ਉਨ੍ਹਾਂ ਦੇ ਜੀਵਨ ਦੀ ਵਿਆਖਿਆ ਮਹਾਨ ਹੋ ਜਾਂਦੀ ਹੈ! ਪਰ ਜੋ ਪਰਮ ਪਿਤਾ ਪਰਮੇਸ਼ਵਰ ਤੋਂ ਦੂਰੀ ਬਣਾਈ ਰੱਖਦੇ ਹਨ ਉਨ੍ਹਾਂ ਦੀ ਜ਼ਿੰਦਗੀ ਵਿੱਚ ਕਦੀ ਵੀ ਸੁੱਖ ਦੀ ਕਿਰਨ ਨਜ਼ਰ ਨਹੀਂ ਆਉਂਦੀ ਭਾਵ "ਸੁਖੁ ਸੁਪਨੈ ਨਹੀ ਤਨ ਮਹਿ ਰੋਗ" ਦੀ ਗੱਲ ਉਨ੍ਹਾਂ ਦੇ ਜੀਵਨ 'ਤੇ ਹਮੇਸ਼ਾਂ ਹੀ ਢੁੱਕਦੀ ਰਹਿੰਦੀ ਹੈ। ਇਸ ਪਵਿੱਤਰ ਬਚਨ ਵਿੱਚ ਸਤਿਗੁਰੂ ਜੀ ਇਨ੍ਹਾਂ ਦੋ ਪੁਰਖਾਂ-ਜੋ ਪ੍ਰਭੂ ਨਾਲ ਮਿਲੇ ਹਨ ਜਾਂ ਪ੍ਰਭੂ ਤੋਂ ਦੂਰ ਹਨ ਦੀ ਹੀ ਗੱਲ ਕਰਦੇ ਹਨ। ਉਨ੍ਹਾਂ ਦੇ ਜੀਵਨ ਵਿੱਚ ਜੋ ਕੁਝ ਹੁੰਦਾ ਹੈ ਉਸ ਦੀ ਵਿਆਖਿਆ ਸਤਿਗੁਰੂ ਜੀ ਨੇ ਬੜੀ ਖੂਬਸੂਰਤੀ ਨਾਲ ਇਸ ਬਚਨ ਵਿੱਚ ਵਰਣਨ ਕੀਤੀ ਹੈ। ਇਸ ਪਵਿੱਤਰ ਬਚਨ ਦੀ ਵਿਚਾਰ ਆਰੰਭ ਕਰਦੇ ਹਾਂ। ਸ਼ਬਦ ਦੀਆਂ ਪਹਿਲੀਆਂ ਪੰਕਤੀਆਂ ਵਿੱਚ ਸਤਿਗੁਰੂ ਜੀ ਬਚਨ ਕਰਦੇ ਨੇ:

**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥**

**ਅਰਥ:** ਮੰਘਿਰਿ ਦੇ ਮਹੀਨੇ ਰਾਹੀਂ ਸਤਿਗੁਰੂ ਜੀ ਫੁਰਮਾਨ ਕਰਦੇ ਨੇ ਕਿ ਉਹ ਜੀਵ ਇਸਤਰੀਆਂ ਸੋਭਾ ਵਾਲੀਆਂ ਹਨ ਜਿਨ੍ਹਾਂ ਨੂੰ ਉਸ ਸਾਹਿਬ ਪ੍ਰਭੂ ਨੇ ਆਪ ਕਿਰਪਾ ਕਰਕੇ ਆਪਣੇ ਚਰਨਾਂ ਨਾਲ ਮੇਲਿਆ ਹੈ ਭਾਵ ਉਸ ਨੂੰ ਮਿਲੀਆਂ ਹਨ ਉਨ੍ਹਾਂ ਦੀ ਸ਼ੋਭਾ ਨੂੰ ਮਿਣਿਆ ਤੋਲਿਆ ਨਹੀਂ ਜਾ ਸਕਦਾ। ਅਸਲ ਵਿੱਚ ਸਰੀਰ ਦੀ ਸੁੰਦਰਤਾ ਜਾਂ ਬਾਹਰੀ ਤੌਰ 'ਤੇ (ਸੰਸਾਰੀ ਤੌਰ 'ਤੇ) ਮਿਲੀ ਹੋਈ ਵਡਿਆਈ ਜਾਂ ਇਕੱਠੇ ਕੀਤੇ ਹੋਏ ਚਾਰ ਟਕਿਆਂ ਨਾਲ ਬੰਦੇ ਦੀ ਸ੍ਰੇਸ਼ਟਤਾ ਨਹੀਂ ਬਣਦੀ ਜਿੰਨਾ ਚਿਰ ਉਹ ਉਸ ਪ੍ਰਭੂ ਨਾਲ ਨਾ ਮਿਲਿਆ ਹੋਵੇ। ਭਗਤ ਕਬੀਰ ਸਾਹਿਬ ਬਚਨ ਕਰਦੇ ਹਨ ਕਿ ਸੋਨੇ ਦੇ ਕੁੰਡਲ ਜਿਨ੍ਹਾਂ 'ਤੇ ਲਾਲਾਂ ਦੀ ਜੜ੍ਹਤ ਹੋਵੇ ਅਗਰ ਉਹ ਕਿਸੇ ਦੇ ਕੰਨ ਵਿੱਚ ਪਾਏ ਹਨ ਤਾਂ ਪ੍ਰਭੂ ਪਿਆਰ ਦੇ ਬਿਨਾਂ ਉਹ ਕੰਨ ਵੀ ਸੜੇ ਹੋਏ ਲਗਦੇ ਹਨ:

**ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥**
**ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥੪॥ (ਅੰਗ ੧੩੬੪)**

ਜਿਵੇਂ ਰੁੱਖ ਦੀ ਹਰਿਆਵਲ ਉਸਦੇ ਫਲ ਪੱਤੇ ਉਸ ਦਾ ਫਲ, ਉਸ ਦੀ ਛਾਂ ਕੇਵਲ ਰੁੱਖ ਦੀ ਜੜ੍ਹ



ਕਰਕੇ ਹੈ ਭਾਵ ਜੜ੍ਹ ਤੋਂ ਦੂਰ ਹੋ ਕੇ ਨਾ ਪੱਤੇ ਹਨ, ਨਾ ਫੁੱਲ ਹੈ ਤੇ ਨਾ ਫਲ ਹੈ ਤੇ ਨਾ ਛਾਂ ਹੈ। ਇੰਨ-ਬਿੰਨ ਇਸੇ ਤਰ੍ਹਾਂ ਮਨੁੱਖੀ ਜ਼ਿੰਦਗੀ ਦੀ ਪ੍ਰਫੁੱਲਤਾ ਅਤੇ ਸ੍ਰੇਸ਼ਟਤਾ ਪ੍ਰਭੂ ਪਰਮੇਸ਼ਰ ਦੇ ਪਿਆਰ ਕਰਕੇ ਹੀ ਹੈ। ਸ਼ਬਦ ਦੀਆਂ ਦੂਸਰੀਆਂ ਪੰਕਤੀਆਂ ਵਿੱਚ ਸਤਿਗੁਰੂ ਜੀ ਕਿਰਪਾ ਕਰਦੇ ਨੇ:

**ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥**
**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥**

**ਅਰਥ:** ਜਿਹੜੇ ਜੀਵ ਪ੍ਰਭੂ ਦੇ ਪਿਆਰਿਆਂ ਦੀ ਸੰਗਤ ਕਰਦੇ ਹਨ ਉਨ੍ਹਾਂ ਦਾ ਤਨ ਅਤੇ ਮਨ ਮਉਲ ਜਾਂਦਾ ਹੈ ਪਰ ਜੋ ਗੁਰਮੁਖਾਂ ਦੀ ਸੰਗਤ ਤੋਂ ਦੂਰ ਰਹਿੰਦੇ ਹਨ, ਉਹ ਮਾਨੋ ਇਕੱਲੇ ਰਹਿ ਕੇ (ਪ੍ਰਭੂ ਪ੍ਰਮੇਸ਼ਰ ਤੋਂ ਹੀਣੇ ਹੋ ਕੇ) ਖਵਾਰ ਹੁੰਦੇ ਰਹਿੰਦੇ ਹਨ। ਪਰਮਾਰਥੀ ਜੀਵਨ ਵਿੱਚ ਗੁਰਮੁਖ ਦੀ ਸੰਗਤ ਦਾ ਅਹਿਮ ਰੋਲ ਹੈ। ਗੁਰਮੁਖਾਂ ਦੀ ਸੰਗਤ ਤੋਂ ਬਿਨਾਂ ਰੱਬੀ ਪੈਂਡੇ 'ਤੇ ਚੱਲਣਾ ਨਾਮੁਮਕਿਨ ਹੈ। ਸਤਿਗੁਰੂ ਜੀ ਨੇ ਤਾਂ ਜਿਥੇ ਨਾਮ ਜਪਣ, ਵੰਡ ਛਕਣ ਦਾ ਉਪਦੇਸ਼ ਦਿੱਤਾ ਉਥੇ ਜੀਵਨ ਵਿੱਚ ਗੁਰਮੁਖ ਦੀ ਸੰਗਤ ਕਰਨ ਦਾ ਵੀ ਉਪਦੇਸ਼ ਗੁਰਬਾਣੀ ਅਤੇ ਇਤਿਹਾਸ ਰਾਹੀਂ ਬਖਸ਼ਿਸ਼ ਕੀਤਾ। ਇਸੇ ਗੱਲ ਨੂੰ ਸਮਝਾਉਂਦਿਆਂ ਭਾਈ ਗੁਰਦਾਸ ਜੀ ਨੇ ਆਖਿਆ ਕਿ ਮਰਨ ਦੇ ਡਰ ਨੂੰ ਵੇਖ ਕੇ ਵੀ ਚੋਰ ਚੋਰੀ ਕਰਨਾ ਨਹੀਂ ਛੱਡਦਾ, ਠੱਗ ਨੂੰ ਭਾਵੇਂ ਜਿਤਨਾ ਮਰਜ਼ੀ ਸਜ਼ਾ ਦਾ ਜਾਂ ਮੌਤ ਦਾ ਡਰ ਦੇਵੋ ਉਹ ਫਿਰ ਵੀ ਆਪਣੇ ਸਾਥੀਆਂ ਨਾਲ ਮਿਲਕੇ ਠੱਗੀ ਕਰਨ ਤੋਂ ਬਾਜ਼ ਨਹੀਂ ਆਉਂਦਾ। ਵੇਸਵਾ ਨਾਲ ਪ੍ਰੀਤ ਕਰਨ ਵਾਲਾ ਬੰਦਾ ਭਾਵੇਂ ਉਸ ਨੂੰ ਇਸ ਕੰਮ ਕਰਕੇ ਅਨੇਕਾਂ ਰੋਗਾਂ ਦਾ ਡਰ ਦੇਵੋ ਪਰ ਉਹ ਫਿਰ ਵੀ ਇਸ ਕੰਮ ਨੂੰ ਕਰਨ ਲੱਗਿਆਂ ਸੰਗ ਸ਼ਰਮ ਮਹਿਸੂਸ ਨਹੀਂ ਕਰਦਾ। ਜੁਆਰੀ ਨੂੰ (ਜੂਆ ਖੇਡਣ ਵਾਲੇ ਨੂੰ) ਭਾਵੇਂ ਉਹ ਆਪਣਾ ਸਾਰਾ ਕੁਝ ਵੀ ਹਾਰ ਦੇਵੇ ਪਰ ਉਹ ਜੂਆ ਖੇਡਣ ਤੋਂ ਬਾਜ਼ ਨਹੀਂ ਆਉਂਦਾ। ਜਿਵੇਂ ਅਮਲੀ ਨੂੰ ਜਿੰਨੀਆਂ ਮਰਜ਼ੀ ਫਿਟਕਾਰਾਂ ਪਾਉ ਧਰਮ ਗ੍ਰੰਥਾਂ ਤੋਂ ਨਸ਼ਿਆਂ ਬਾਰੇ ਅਉਗਣ ਸੁਣ ਕੇ ਵੀ ਉਹ ਨਸ਼ਾ ਖਾਣ ਤੋਂ ਬਾਜ਼ ਨਹੀਂ ਆਉਂਦਾ। ਭਾਈ ਗੁਰਦਾਸ ਜੀ ਕਹਿੰਦੇ ਨੇ ਜਦੋਂ ਮਾੜੇ ਮਨੁੱਖ ਮਾੜੇ ਕਰਮਾਂ ਦਾ ਸਾਥ ਨਹੀਂ ਛੱਡਦੇ ਤਾਂ ਸਿੱਖ ਸਤਿਗੁਰੂ ਦੀ, ਸਤਿਪੁਰਖਾਂ ਦੀ ਸੰਗਤ ਕਿਵੇਂ ਛੱਡ ਸਕਦਾ ਹੈ। ਕਬਿੱਤ ਹੈ:

ਮਾਰਬੇ ਕੋ ਤ੍ਰਾਸ ਦੇਖਿ ਚੋਰ ਨ ਤਜਤ ਚੋਰੀ, ਬਟਵਾਰਾ ਬਟਵਾਰੀ ਸੰਗਿ ਹੁਇ ਤਕਤ ਹੈ॥
ਬੇਸ੍ਵਾ-ਰਤਿ ਬ੍ਰਿਥਾ ਭਏ, ਮਨ ਮੈ ਨ ਸੰਕਾ ਮਾਨੈ, ਜੁਆਰੀ ਨ ਸਰਬਸੁ ਹਾਰੇ ਸੈ ਥਕਤ ਹੈ॥
ਅਮਲੀ ਨ ਅਮਲ ਤਜਤ ਜਿਉ ਧਿਕਾਰ ਕੀਏ, ਦੋਖ ਦੁਖ ਲੋਗ ਬੇਦ ਸੁਨਤ ਛਕਤ ਹੈ॥
ਅਧਮ ਅਸਾਧ ਸੰਗ ਛਾਡਤ ਨ ਅੰਗੀਕਾਰ, ਗੁਰਸਿਖ ਸਾਧ ਸੰਗਿ ਛਾਡਿ ਕਿਉ ਸਕਤ ਹੈ॥੩੨੩॥

ਭਾਵ ਗੁਰਮੁਖ ਦੀ ਸੰਗਤ ਤੋਂ ਬਿਨਾਂ ਪ੍ਰਭੂ ਨਾਲ ਨੇੜਤਾ ਨਹੀਂ। ਸ਼ਬਦ ਦੀਆਂ ਤੀਜੀਆਂ ਪੰਕਤੀਆਂ ਵਿੱਚ ਗੁਰੂ ਅਰਜਨ ਪਾਤਸ਼ਾਹ ਜੀ ਬਚਨ ਕਰਦੇ ਹਨ:

**ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥**
**ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥**

**ਅਰਥ:** ਜਿਹੜੀਆਂ ਜੀਵ ਇਸਤਰੀਆਂ ਗੁਰਮੁਖਾਂ ਦੀ ਸੰਗਤ ਤੋਂ ਹੀਣੀਆਂ ਹੋ, ਪ੍ਰਭੂ ਨੂੰ ਨਹੀਂ ਮਿਲੀਆਂ ਉਨ੍ਹਾਂ ਦਾ ਦੁੱਖ ਜੀਵਨ ਵਿੱਚ ਕਦੀ ਉੱਤਰਦਾ ਹੀ ਨਹੀਂ ਤੇ ਮਰਨ ਤੋਂ ਬਾਅਦ ਉਹ ਜਮਾ ਦੇ ਵਸ ਪੈਂਦੀਆਂ ਹਨ ਪਰ ਜਿਨ੍ਹਾਂ ਨੇ ਗੁਰਮੁਖਾਂ ਦੀ ਸੰਗਤ ਕਰਕੇ ਪ੍ਰਭੂ ਦੇ ਚਰਨਾਂ ਦਾ ਆਨੰਦ ਮਾਣਿਆ ਹੈ ਉਹ ਹਮੇਸ਼ਾ ਹੀ ਸੁਰਖਰੂ ਨਜ਼ਰ ਆਉਂਦੀਆਂ ਹਨ ਤੇ ਦੂਸਰੀਆਂ ਲਈ ਉਨ੍ਹਾਂ ਦਾ ਜੀਵਨ ਪ੍ਰੇਰਨਾ ਸ੍ਰੋਤ ਬਣ ਜਾਂਦਾ ਹੈ। ਪ੍ਰਭੂ ਪ੍ਰਮੇਸ਼ਰ ਤੋਂ ਬਿਨਾਂ ਜੀਵਨ ਵਿੱਚ ਖੇੜਾ ਤੇ ਆਨੰਦ ਨਹੀਂ, ਬਾਕੀ ਸੁੱਖ ਸੁਵਿਧਾ ਦਾ ਉਸ ਦੀ ਨਜ਼ਰ ਤੋਂ ਬਿਨਾਂ ਆਨਾ ਭਰ ਮੁੱਲ ਨਹੀਂ:

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥**
**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥**
**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥**
**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥** **(ਅੰਗ ੨)**

ਸਤਿਗੁਰੂ ਜੀ ਨੇ ਪ੍ਰਭੂ ਪ੍ਰਮੇਸ਼ਰ ਨਾਲ ਜੁੜਨ ਵਾਸਤੇ ਇਸ ਮਨੁੱਖ ਜੀਵ ਨੂੰ ਨਾਮ ਜਪਣ ਦੀ ਬੜੀ ਸਖ਼ਤ ਤਾੜਨਾ ਕੀਤੀ ਹੈ ਤੇ ਆਖਿਆ ਹੈ **"ਹਰਿ ਬਿਸਰਤ ਸਦਾ ਖੁਆਰੀ ॥"** ਇਸ ਗੱਲ ਨੂੰ ਹਮੇਸ਼ਾ ਯਾਦ ਰੱਖਣਾ ਹੈ। ਨਾਮ ਨੇ ਨਾਮੀ ਨੂੰ ਮਿਲਾਉਣਾ ਹੈ, ਇਹ ਨਾਮ ਕਿਵੇਂ ਜਪਣਾ ਤੇ ਜਿਨ੍ਹਾਂ ਨੇ ਜਪਿਆ ਉਨ੍ਹਾਂ ਦੀ ਸੰਗਤ ਅਤਿ ਜ਼ਰੂਰੀ ਹੈ। ਗੁਰਮੁਖ ਨਾਮ ਜਪਣ ਦੇ ਚਾਰ ਸਾਧਨ ਦਸਦੇ ਨੇ: 1) ਬੈਖਰੀ 2) ਮਧਮਾ 3) ਪਸੰਤੀ 4) ਪਰਾ - ਇਨ੍ਹਾਂ ਸਾਧਨਾਂ ਨੂੰ ਅਪਣਾ ਕੇ ਜਪਿਆ ਹੋਇਆ ਨਾਮ ਉਸ ਮਾਲਕ ਨਾਲ ਜੋੜਦਾ ਹੈ, ਜਿਸਦੇ ਨਾਲ ਜੁੜਕੇ ਜੀਵ ਹਮੇਸ਼ਾਂ ਹੀ ਮਹਿਕਦਾ ਰਹਿੰਦਾ ਹੈ। ਸ਼ਬਦ ਦੀਆਂ ਚੌਥੀਆਂ ਪੰਕਤੀਆਂ ਵਿੱਚ ਗੁਰੂ ਅਰਜਨ ਸਾਹਿਬ ਫੁਰਮਾਨ ਕਰਦੇ ਹਨ:

**ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥**
**ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥**

**ਅਰਥ:** ਰਤਨ, ਜਵਾਹਰ, ਹਰੀ ਦਾ ਨਾਮ ਜੋ ਲਾਲ ਹੈ ਉਹ ਰੱਬ ਨਾਲ ਮਿਲੀਆਂ ਹੋਈਆਂ ਦੇ ਗਲੇ ਨਾਲ ਜੜਿਆ ਹੋਇਆ ਹੈ। ਗੁਰੂ ਜੀ (ਨਾਨਕ) ਕਹਿੰਦੇ ਹਨ ਕਿ ਮੈਂ ਉਨ੍ਹਾਂ ਦੇ ਚਰਨਾਂ ਦੀ ਧੂੜ ਨੂੰ ਮੰਗਦਾ ਹਾਂ ਜੋ ਤੇਰੀ ਚਰਨ ਸ਼ਰਨ ਵਿੱਚ ਪਈਆਂ ਹੋਈਆਂ ਹਨ। ਪ੍ਰਭੂ ਪ੍ਰਮੇਸ਼ਵਰ ਨਾਲ ਜੁੜੇ ਹੋਏ, ਨਾਮ ਜਪਣ ਵਾਲੇ ਜਦੋਂ ਕਿਧਰੇ ਬੈਠਦੇ ਹਨ ਤਾਂ ਉਨ੍ਹਾਂ ਦੇ ਜੀਵਨ ਵਿੱਚੋਂ ਨਿਕਲਦੀਆਂ ਹੋਈਆਂ ਸ਼ੁਭ-ਤਰੰਗਾਂ ਦੂਸਰੇ 'ਤੇ ਅਸਰ ਕਰਦੀਆਂ ਹਨ। ਗੁਰਮਤਿ ਵਿੱਚ ਧੂੜੀ ਦਾ ਨਿਵੇਕਲਾ ਤੇ ਪਿਆਰਾ (ਕਨਸੈਪਟ) ਸਿਧਾਂਤ ਹੈ। ਗੁਰੂ ਧੂੜੀ, ਗੁਰਮੁਖਾਂ ਦੀ ਧੂੜੀ, ਸਤਿ ਸੰਗਤਿ ਦੀ ਧੂੜੀ ਦਾ ਜ਼ਿਕਰ ਗੁਰਬਾਣੀ ਵਿੱਚ ਵੱਖ-ਵੱਖ ਥਾਂ ਵਿੱਚ ਬਹੁਤ ਵਾਰ ਆਇਆ ਹੈ ਅਤੇ ਇਸ ਦੀ ਬਰਕਤ ਦੀ ਵਿਆਖਿਆ ਵੀ ਬੜੀ ਵਾਰ ਕੀਤੀ:

**ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥** **(ਅੰਗ ੧੪੨੧)**
**ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥** **(ਅੰਗ ੧੩)**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥** **(ਅੰਗ ੩੦੫)**



**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥** **(ਅੰਗ ੬੭੯)**

ਇਸ ਵਿੱਚ ਧੂੜੀ ਦੀ ਬਰਕਤ ਦਾ ਜ਼ਿਕਰ ਲੇਖਾਂ ਲਈ ਵੀ ਕੀਤਾ ਕੀਤਾ ਹੈ, **"ਗੁਰ ਧੂੜੀ ਬੁਰੇ ਲੇਖ ਮਿਟਾਇ"**। ਸ਼ਰਧਾ ਭਾਵਨਾ ਦੀ ਨਜ਼ਰ ਨਾਲ ਜੇ ਪਰਮੇਸਰ ਦੇ ਘਰ ਜਾਣ ਦੀ ਸਮੱਗਰੀ ਨੂੰ ਬਿਆਨਿਆ ਜਾਏ ਤਾਂ ਉਹ ਸੰਖੇਪ ਵਿੱਚ ਇਹ ਹੈ: ਨਾਮ ਜਪਣਾ, ਵੰਡ ਛਕਣਾ, ਗੁਰਮੁਖਾਂ ਦੀ ਸੰਗਤ ਕਰਨੀ, ਗੁਰੂ ਦੀ ਭੈਅ-ਭਾਵਨਾ ਵਿੱਚ ਰਹਿਣਾ, ਸ਼ੁਭ ਗੁਣਾਂ ਦਾ ਧਾਰਨੀ ਹੋਣਾ, ਔਗੁਣਾਂ ਦਾ ਤਿਆਗ ਕਰਨਾ, ਸੇਵਾ ਕਰਨੀ ਆਦਿ। ਇਹ ਉਪਰੋਕਤ ਕਰਮ ਪ੍ਰਭੂ ਦੇ ਘਰ ਜਾਣ ਲਈ ਸਹਿਯੋਗੀ ਹਨ। ਅੰਤਲੀਆਂ ਪੰਕਤੀਆਂ ਵਿੱਚ ਸਤਿਗੁਰੂ ਜੀ ਕਹਿੰਦੇ ਨੇ:

**ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥**

**ਅਰਥ:** ਜੋ ਮੰਘਰਿ ਵਿੱਚ (ਜੀਵਨ ਵਿੱਚ) ਪ੍ਰਭੂ ਨੂੰ ਅਰਾਧਦਾ ਹੈ, ਉਹ ਦੁਬਾਰਾ ਜਨਮਦਾ ਤੇ ਮਰਦਾ ਨਹੀਂ। ਗੁਰੂ ਸਾਹਿਬ ਨੇ ਬਾਣੀ ਵਿੱਚ ਬਚਨ ਕੀਤਾ ਹੈ ਕਿ ਮੈਂ ਗੁਰੂ ਬਖ਼ਸ਼ਿਸ਼ ਨਾਮ ਜਦੋਂ ਜਪਿਆ ਤਾਂ ਰੋਜ਼ ਦੇ ਆਉਣ ਜਾਣ ਮਿਟ ਗਏ, ਮਨ ਜੀਵਨ ਦੀ ਬਾਜ਼ੀ ਜਿੱਤ ਗਿਆ। ਸਮਝੋ ਜੀਵਨ ਵਿੱਚ ਫਤਿਹ ਹੋ ਗਈ।

**ਫਾਉਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥**
**ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥੧॥** **(ਅੰਗ ੨੫੮)**

**ਭਾਵ ਅਰਥ:** ਮੰਘਰਿ ਦੇ ਮਹੀਨੇ ਵਿੱਚ ਰੱਬ ਨਾਲ ਜੁੜੀਆਂ ਹੋਈਆਂ ਜੀਵ ਇਸਤਰੀਆਂ ਉੱਤਮ ਹਨ, ਉਨ੍ਹਾਂ ਦੀ ਵਡਿਆਈ ਮਹਾਨ ਹੈ। ਤਨ ਤੇ ਮਨ ਗੁਰਮੁਖਾਂ ਦੀ ਸੰਗਤ ਨਾਲ ਹਮੇਸ਼ਾਂ ਮਉਲਿਆ (ਖਿੜਿਆ) ਰਹਿੰਦਾ ਹੈ। ਗੁਰਮੁਖਾਂ ਦੀ ਸੰਗਤ ਤੋਂ ਬਿਨਾਂ ਹਮੇਸ਼ਾਂ ਖਵਾਰ ਹੀ ਹੋਈਦਾ ਹੈ। ਜਿਹੜੇ ਪਰਮ ਪਿਤਾ ਪਰਮੇਸ਼ਵਰ ਤੋਂ ਦੂਰ ਹੁੰਦੇ ਨੇ ਉਨ੍ਹਾਂ ਦੇ ਜੀਵਨ ਵਿੱਚੋਂ ਕਦੇ ਦੁੱਖ ਘਟਦਾ ਨਹੀਂ। ਜਿਨ੍ਹਾਂ ਨੇ ਨਾਮ ਜਪਿਆ ਉਨ੍ਹਾਂ ਦਾ ਜੀਵਨ ਹਮੇਸ਼ਾਂ ਚੜ੍ਹਦੀ ਕਲਾ ਵਾਲਾ ਹੈ। ਪਰਮੇਸ਼ਵਰ ਦਾ ਨਾਮ ਜੋ ਕੀਮਤ ਰਤਨ, ਜਵਾਹਰ ਹੀਰਾ ਹੈ, ਪ੍ਰਭੂ ਨਾਲ ਜੁੜਿਆਂ ਹੋਇਆਂ ਦੇ ਹਮੇਸ਼ਾਂ ਹੀ ਗਲੇ ਅਤੇ ਮਨ ਦਾ ਸ਼ਿੰਗਾਰ ਹੁੰਦਾ ਹੈ। ਗੁਰਮੁਖਾਂ ਦੀ ਧੂੜੀ ਜੀਵਨ ਸਫਲ ਬਣਾਉਂਦੀ ਹੈ ਤੇ ਜੋ ਪ੍ਰਭੂ ਨਾਮ ਨੂੰ ਜਪਦੇ ਹਨ ਉਹ ਆਵਾ-ਗਉਣ ਦੇ ਚੱਕਰ ਤੋਂ ਰਹਿਤ ਹੁੰਦੇ ਹਨ।

◆ ◆ ◆ ◆ ◆ ◆

# ਤਖ਼ਤ, ਪੰਜ ਪਿਆਰੇ ਅਤੇ ਸਿੰਘ ਸਾਹਿਬਾਨ

ਡਾ. ਬਲਕਾਰ ਸਿੰਘ

ਤਖ਼ਤ, ਪੰਜ ਪਿਆਰੇ ਅਤੇ ਸਿੰਘ ਸਾਹਿਬਾਨ ਸੰਗਿਆ ਰੂਪ ਵਿੱਚ ਬੇਸ਼ੱਕ ਤਿੰਨ ਹਨ ਪ੍ਰੰਤੂ ਤੱਤ ਰੂਪ ਵਿੱਚ ਇਹ ਤਿੰਨੋਂ ਇੱਕ ਦੂਜੇ ਦੇ ਪੂਰਕ ਹੋਣ ਕਰਕੇ ਇਕਸੁਰਤਾ ਵਿੱਚ ਹੀ ਵੇਖੇ ਜਾਂਦੇ ਹਨ। ਇਨ੍ਹਾਂ ਤਿੰਨਾਂ ਨੂੰ ਜਦੋਂ ਸੰਸਥਾ ਰੂਪ ਵਿੱਚ ਦੇਖੀਏ ਤਾਂ ਇਨ੍ਹਾਂ ਦਾ ਪ੍ਰਕਾਸ਼ਨ ਕ੍ਰਮ ਤਖ਼ਤ, ਪੰਜ ਪਿਆਰੇ ਅਤੇ ਸਿੰਘ ਸਾਹਿਬਾਨ ਹੀ ਬਣਦਾ ਹੈ। ਤਖ਼ਤ ਸੰਸਥਾ ਦਾ ਪ੍ਰਕਾਸ਼ਨ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਹੁੰਦਾ ਹੈ। ਪੰਜ ਪਿਆਰਿਆਂ ਦਾ ਪ੍ਰਕਾਸ਼ਨ ੧੬੯੯ ਈ. ਦੀ ਵਿਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਹੋ ਗਿਆ ਸੀ। ਪੰਜ ਪਿਆਰਿਆਂ ਦਾ ਵਰਤਮਾਨ ਵਿੱਚ ਨਿਰੰਤਰ ਪ੍ਰਕਾਸ਼ਨ ਸਿੰਘ ਸਾਹਿਬਾਨ ਵਜੋਂ ਪ੍ਰਾਪਤ ਹੈ। ਇਨ੍ਹਾਂ ਦਾ ਵੇਰਵਾ ਅਤੇ ਪ੍ਰਸੰਗਕਤਾ ਇਸ ਖੋਜ ਪੱਤਰ ਵਿਚ ਵਿਚਾਰੀ ਜਾ ਰਹੀ ਹੈ। ਇਸ ਵਿਸਥਾਰ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤਖ਼ਤਾਂ ਵਾਸਤੇ ਰੋਲ ਮਾਡਲ ਪ੍ਰਵਾਨ ਕਰ ਲਿਆ ਗਿਆ ਹੈ।

## 1 ਤਖ਼ਤ

ਧਰਮ ਚਿੰਤਨ ਦੇ ਖੇਤਰ ਵਿੱਚ ਧਾਰਮਿਕ ਅਸਥਾਨ ਨੂੰ ਇਤਿਹਾਸਕ ਦ੍ਰਿਸ਼ਟੀ ਤੱਕ ਸੀਮਤ ਕਰਕੇ ਵੇਖਣ ਨੂੰ ਇੰਨੀ ਮਾਨਤਾ ਪ੍ਰਾਪਤ ਹੋ ਗਈ ਹੈ ਕਿ ਧਾਰਮਿਕ ਸੰਸਥਾਨਾਂ ਦੇ ਸੰਕਲਪੀ ਪਰਿਪੇਖ ਦੀ ਗੱਲ ਲੋੜ ਪੈਣ ਤੇ ਜਾਂ ਵਿਰੋਧ ਵਿੱਚ ਪਹਿਲਾਂ ਹੀ ਲਏ ਪੈਂਤੜੇ ਨੂੰ ਸਿੱਧ ਕਰਨ ਦੇ ਲਾਲਚ ਵਿੱਚ ਹੀ ਕੀਤੀ ਜਾਂਦੀ ਹੈ। ਇਹ ਪਹੁੰਚ ਵਿਧੀ ਤਖ਼ਤਾਂ ਉੱਪਰ ਵੀ ਲਾਗੂ ਹੋ ਗਈ ਹੈ। ਇਸ ਨਾਲ ਤਖ਼ਤਾਂ ਦੀ ਇਤਿਹਾਸਕਤਾ ਨੂੰ ਪ੍ਰਗਟਾਉਣ ਦੇ ਹੀ ਯਤਨ ਹੋਏ ਹਨ ਅਤੇ ਤਖ਼ਤਾਂ ਦਾ ਪ੍ਰਸੰਗਿਕ ਪ੍ਰਕਾਸ਼ਨ ਤਕਰੀਬਨ ਗੁੰਮ ਹੀ ਹੈ। ਇਥੋਂ ਤੱਕ ਕਿ ਸਿੱਖ ਗੌਣ ਸਾਹਿਤ ਵਿੱਚ ਵੀ ਤਖ਼ਤਾਂ ਦੇ ਸੰਕਲਪੀ ਪਰਿਪੇਖ ਨੂੰ ਪ੍ਰਗਟਾਉਣ ਦੇ ਯਤਨ ਸਾਹਮਣੇ ਨਹੀਂ ਹਨ। ਇਸ ਦ੍ਰਿਸ਼ਟੀ ਤੋਂ ਅਕਾਲ ਤਖ਼ਤ ਸਾਹਿਬ ਦੀ ਖਾਸ ਕਰਕੇ ਅਤੇ ਬਾਕੀ ਤਖ਼ਤਾਂ ਦੀ ਆਮ ਕਰਕੇ ਸੰਕਲਪੀ ਪਰਿਪੇਖ ਦੀ ਗੱਲ ਕਰਨੀ ਹੋਵੇ ਤਾਂ ਸ਼ੁਰੂ ਇਥੋਂ ਹੀ ਕਰਨੀ ਪਵੇਗੀ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਮਤ ੧੬੬੩ ਅਰਥਾਤ ੧੬੦੬ ਈ. ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ ਸਨ ਅਤੇ ਸੰਮਤ ੧੬੬੫ ਵਿੱਚ ਉਨ੍ਹਾਂ ਦੀ ਅਗਵਾਈ ਵਿੱਚ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਗਈ ਸੀ। ਅਕਾਲ ਤਖ਼ਤ ਸਾਹਿਬ ਦਾ ਮੁੱਢਲਾ ਨਾਮ "ਅਕਾਲ ਬੁੰਗਾ" ਸੀ।[1] ਅਕਾਲ ਤਖ਼ਤ ਸਾਹਿਬ ਦੇ ਪਿਛੋਕੜ ਵਿੱਚ ਪ੍ਰਵਾਨ ਕੀਤਾ ਜਾਂਦਾ ਹੈ ਕਿ ਪੰਚਮ ਪਾਤਸ਼ਾਹ ਹਜ਼ੂਰ ਦੀ ਸ਼ਹੀਦੀ ਨਾਲ ਸਿਆਸਤ ਅਤੇ ਅਧਿਆਤਮਿਕਤਾ ਦਾ ਤਣਾਉ ਸਾਹਮਣੇ ਆ ਗਿਆ ਸੀ। ਸਿੱਖ ਧਰਮ ਵਿੱਚ ਜ਼ਿੰਦਗੀ ਦੇ ਕਿਸੇ ਵੀ ਸਰੋਕਾਰ ਵੱਲ, ਭਾਵੇਂ ਉਹ ਸਿਆਸੀ ਹੀ ਕਿਉਂ ਨਾ ਹੋਵੇ, ਪਿੱਠ ਕਰਨ ਦੀ ਆਗਿਆ ਨਹੀਂ ਹੈ। ਇਸ ਲਈ ਧਰਮ ਅਤੇ ਸਿਆਸਤ ਦਾ ਜੋ ਸੁਮੇਲ ਸਿੱਖ ਚਿੰਤਨ ਵਿੱਚ ਪ੍ਰਾਪਤ ਸੀ, ਉਸੇ ਦਾ ਪ੍ਰਕਾਸ਼ਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ। ਪੰਥਕ ਜਥੇਬੰਦੀ ਦਾ ਕੇਂਦਰ ਹੋਣ ਕਰਕੇ ਅਕਾਲ ਤਖ਼ਤ ਸਾਹਿਬ ਨੂੰ ਸਿੱਖਾਂ ਦਾ ਹੀ ਤਖ਼ਤ ਪ੍ਰਵਾਨ ਕੀਤਾ ਜਾਂਦਾ ਹੈ। ਇਸ ਤੋਂ ਪਿੱਛੋਂ ਪੰਥਕ ਜਥੇਬੰਦੀ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਕੇਂਦਰਾਂ ਨੂੰ ਵੀ ਤਖ਼ਤ ਪ੍ਰਵਾਨ ਕਰ ਲਿਆ ਗਿਆ, ਜਿਨ੍ਹਾਂ ਕੇਂਦਰਾਂ ਤੋਂ ਸਤਿਗੁਰੂ ਸੱਚੇ ਪਾਤਸ਼ਾਹ ਜਥੇਬੰਦਕ ਕਾਰਜ ਕਰਿਆ ਕਰਦੇ ਸਨ। ਇਸ

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪਟਿਆਲਾ, ਭਾਸ਼ਾ ਵਿਭਾਗ, ਪਟਿਆਲਾ, ਪੰਨਾ 36



ਪੱਖੋਂ ਸਿੱਖ ਜਗਤ ਵਿੱਚ ਲੰਮਾ ਸਮਾਂ ਚਾਰ ਤੱਤ ਪ੍ਰਵਾਨ ਰਹੇ ਹਨ ਜੋ ਕ੍ਰਮਵਾਰ ਇਸ ਪ੍ਰਕਾਰ ਹਨ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ; ਹਰਿਮੰਦਰ ਸਾਹਿਬ, ਪਟਨਾ ਸਾਹਿਬ; ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ; ਤਖ਼ਤ ਸ੍ਰੀ ਸੱਚਖੰਡ ਅਬਿਚਲਨਗਰ, ਹਜ਼ੂਰ ਸਾਹਿਬ ਨੰਦੇੜ (ਮਹਾਂਰਾਸ਼ਟਰ)। ਪਿੱਛੋਂ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਨੂੰ ਵੀ ਪੰਜਵਾਂ ਤਖ਼ਤ ਪ੍ਰਵਾਨ ਕਰ ਲਿਆ ਗਿਆ ਹੈ। ਅਕਾਲ ਤਖ਼ਤ ਸਾਹਿਬ ਤੋਂ ਬਿਨਾਂ ਬਾਕੀ ਚਾਰੇ ਤਖ਼ਤਾਂ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਹੈ। ਸਭ ਤੋਂ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਪੰਥਕ ਜਥੇਬੰਦੀ ਦਾ ਕਾਰਜ ਕੀ ਤਖ਼ਤਾਂ ਦੇ ਹੋਂਦ ਵਿੱਚ ਆਉਣ ਨਾਲ ਹੀ ਸ਼ੁਰੂ ਹੁੰਦਾ ਹੈ? ਗੁਰਮਤਿ ਚਿੰਤਨ ਅਤੇ ਗੁਰਮਤਿ ਰਹਿਮ ਪ੍ਰਤੀ ਅੰਤਿਮ ਨਿਰਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ, ਜਾਗਤ-ਜੋਤਿ ਅਤੇ ਜ਼ਾਹਰਾ-ਜ਼ਹੂਰ, ਸ਼ਬਦ-ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਗਵਾਹੀ ਦੀ ਰੌਸ਼ਨੀ ਵਿੱਚ ਗੁਰਮਤਿ ਦਾ ਚਿੰਤਨਾਤਮਕ ਅਤੇ ਜਥੇਬੰਦਕ ਕਾਰਜ ਨਾਲੋ-ਨਾਲ ਚਲਦਾ ਰਿਹਾ, ਸਾਬਤ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਯੁੱਧ ਤੱਕ, ਇੱਕੋ ਹੀ ਜੋਤਿ ਅਤੇ ਜੁਗਤਿ ਨਿਰੰਤਰ ਚਲਦੀ ਆ ਰਹੀ ਹੈ।[2] ਇਕੋ ਹੀ ਜੋਤਿ ਅਤੇ ਜੁਗਤਿ ਜੋ ਪਰਮ ਪਿਤਾ ਵਾਹਿਗੁਰੂ ਦੀ ਪ੍ਰੇਰਨਾ ਕਰਕੇ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟ ਹੋਈ ਸੀ ਅਤੇ ਦਸਾਂ ਹੀ ਗੁਰੂ ਸਾਹਿਬਾਂ ਰਾਹੀਂ ਪਰਚਾਈ ਗਈ ਸੀ, ਉਸੇ ਨਿਰਮਲ ਜਾਂ ਖਾਲਸ ਧਰਮ ਪ੍ਰਕਾਸ਼ਨ ਦਾ ਨਾਮ ਗੁਰਮਤਿ ਹੈ। ਗੁਰਮਤਿ ਨੇ ਚਿੰਤਨ ਦੇ ਵੂੰਦ ਨੂੰ ਅੰਤਰ-ਸਬੰਧਤਾ ਦੇ ਸਮੁੱਚ ਵਿੱਚ ਬੰਨ੍ਹ ਕੇ ਨਵੇਂ ਢੰਗ ਨਾਲ ਪ੍ਰਸਤੁਤ ਕੀਤਾ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਚਿੰਤਨ ਦਾ ਵੂੰਦ-ਪੂਜਕ ਸ਼੍ਰੇਣੀ ਅਤੇ ਪੁਜਾਰੀ ਸ਼੍ਰੇਣੀ ਦੇ ਰੂਪ ਵਿੱਚ ਸਾਹਮਣੇ ਸੀ। ਇਸ ਨਾਲ ਸਚਾਈ ਨੂੰ ਕੋਮਲ ਹਿਰਦਿਆਂ ਵਿੱਚ ਦਫ਼ਨ ਕਰ ਦਿੱਤਾ ਗਿਆ ਸੀ ਅਤੇ ਚਲਾਕ ਲੋਕ ਇਸਦੇ ਮਜ਼ੋਰ ਬਣ ਬੈਠੇ ਸਨ। ਇਸਦੇ ਸਿੱਟੇ ਵਜੋਂ ਭਾਰਤੀ ਭੂ-ਖੰਡ ਵਿੱਚ ਪ੍ਰਚੱਲਿਤ ਧਰਮ ਨੇ ਲੋਕ-ਮਾਨਸਿਕਤਾ ਨੂੰ ਜਾਗ੍ਰਿਤ ਕਰਨ ਦੀ ਥਾਂ ਉਂਘਲਾਹਟ ਵੱਲ ਧੱਕ ਦਿੱਤਾ ਸੀ।[3] ਦਸਮ ਪਾਤਸ਼ਾਹ ਹਜ਼ੂਰ ਨੇ ਇਨ੍ਹਾਂ ਸਾਰੇ ਸਿੱਟਿਆਂ ਨੂੰ ਕੋਮਲ ਮਾਨਸਿਕਤਾ ਵਿੱਚੋਂ ਧੋ ਦਿੱਤਾ ਸੀ। ਇਸ ਸਥਿਤੀ ਨੂੰ ਦੌਲਤ ਰਾਏ ਨੇ ਆਪਣੀ ਪੁਸਤਕ "ਮਹਾਂਬਲੀ" ਵਿੱਚ ਇਸ ਤਰ੍ਹਾਂ ਅੰਕਤ ਕੀਤਾ ਹੋਇਆ ਹੈ,

"ਕੌਮੀ ਬਲ ਬਰਬਾਦ ਹੋ ਚੁੱਕਾ ਸੀ, ਪਿਆਰ ਦਾ ਸਿਲਸਿਲਾ ਟੁੱਟ ਚੁੱਕਾ ਸੀ, ਉਨ੍ਹਾਂ ਦੀ ਹਸਤੀ ਟਿਮਟਿਮਾਉਂਦੇ ਦੀਵੇ ਦੀ ਰੌਸ਼ਨੀ ਸੀ, ਔਰੰਗਜ਼ੇਬ ਦੀਆਂ ਬੇਦਰਦੀਆਂ ਅਤੇ ਜ਼ੁਲਮੀ ਤਲਵਾਰ ਦੇ ਤੂਫਾਨ ਨਾਲ ਇਹ ਟਿਮਟਿਮਾਉਂਦੇ ਦੀਵਾ ਕਰੀਬ ਸੀ ਕਿ ਬੁਝ ਜਾਂਦਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਹੱਥ ਇਸ ਉਤੇ ਰੱਖਿਆ ਤੇ ਬੁਝਣ ਤੋਂ ਬਚਾ ਲਿਆ।" ਇਸ ਹਾਲਤ ਵਿੱਚ ਅਤੇ ਧਾਰਮਿਕ ਅਧੋਗਤੀ ਦੇ ਪ੍ਰਸੰਗ ਵਿੱਚ ਅਕਾਲ ਤਖ਼ਤ ਸਾਹਿਬ ਦੇ ਪ੍ਰਕਾਸ਼ਨ ਤੇ ਭੂਮਿਕਾ ਦੀ ਨਿਸ਼ਾਨਦੇਹੀ ਕੀਤੇ ਜਾਣ ਦੇ ਨਾਲ-ਨਾਲ ਤਖ਼ਤਾਂ ਦੇ ਵਜੂਦ ਅਤੇ ਭੂਮਿਕਾ ਨੂੰ ਸਹੀ ਪ੍ਰਸੰਗ ਵਿੱਚ ਸਹੀ ਪ੍ਰਸੰਗ ਵਿੱਚ ਸਮਝਣ ਲਈ ਸਹਾਇਤਾ ਮਿਲ ਸਕਦੀ ਹੈ। ਅਕਾਲ

2. ਗੁਰੂ ਗ੍ਰੰਥ ਸਾਹਿਬ, **ਬਲਵੰਡ ਤਥਾ ਸੱਤੇ ਕੀ ਵਾਰ**, (ਅੰਗ ੯੬੬)
**ਜੋਤਿ ਉਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**
**ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥**
3. Das Gupta, S.N., **Philosophical Essays**, P. 255
"The Vedic system of worship was almost ritualistic and directed to mundane ends."

ਤਖ਼ਤ ਸਾਹਿਬ ਦੇ ਪ੍ਰਕਾਸ਼ਨ ਨਾਲ ਸਿੱਖ ਚਿੰਤਨ ਦੇ ਸੰਕਲਪੀ ਪ੍ਰਸੰਗ ਵਿੱਚ ਭਗਤੀ ਤੇ ਸ਼ਕਤੀ, ਮੀਰੀ ਤੇ ਪੀਰੀ ਅਤੇ ਸੰਤ ਤੇ ਸਿਪਾਹੀ ਵਰਗੇ ਵੱਖ-ਵੱਖ ਲਗਦੇ ਸੰਕਲਪਾਂ ਨੂੰ ਏਕਤ੍ਰ ਰੂਪ ਵਿੱਚ ਪ੍ਰਸਤੁਤ ਕਰਨ ਦੀ ਪਹਿਲ ਸਿੱਖ ਧਰਮ ਨੇ ਕੀਤੀ ਹੋਈ ਹੈ। ਇਸ ਸੰਦਰਭ ਵਿੱਚ ਅਕਾਲ ਤਖ਼ਤ ਸਾਹਿਬ ਦੇ ਸੰਕਲਪ ਨੂੰ ਵਿਚਾਰਿਆ ਜਾਵੇ ਤਾਂ ਇਸ ਨਤੀਜੇ ’ਤੇ ਪਹੁੰਚਿਆ ਜਾ ਸਕਦਾ ਹੈ ਕਿ ਹਰਿਮੰਦਰ ਸਾਹਿਬ ਰਾਹੀਂ ਖਾਲਸਾਈ ਜੁਗਤਿ ਦੀ ਪ੍ਰਤੀਨਿਧਤਾ ਹੋ ਗਈ ਹੈ। ਜੋਤਿ ਨੂੰ ਜੁਗਤਿ ਨਾਲੋਂ ਨਿਖੇੜ ਕੇ ਵੇਖਣ ਦੀ ਲੋੜ ਸਮਝਣ-ਸਮਝਾਉਣ ਵਿੱਚੋਂ ਨਿਕਲਦੀ ਹੈ। ਇਸੇ ਨੂੰ ਅੰਤਰ-ਸਬੰਧਤਾ ਦਾ ਸਮੁੱਚ ਆਖਿਆ ਜਾ ਸਕਦਾ ਹੈ। ਮੀਰੀ ਤੇ ਪੀਰੀ ਦੇ ਸੁਤੰਤਰ ਜਾਂ ਇੱਕ ਪਰਤੀ ਸੰਕਲਪਾਂ ਨੂੰ ਇੱਕ ਦੂਜੇ ਦੀ ਸਮਾਂਨਾਤਰਤਾ ਵਿੱਚੋਂ ਕੱਢ ਕੇ, ਇੱਕ ਦੂਜੇ ਦੇ ਪੂਰਕ ਵਜੋਂ ਸਾਹਮਣੇ ਲਿਆਉਣ ਨਾਲ ਗੁਰਮਤਿ ਦੇ ਸੁਤੰਤਰ ਸਮਸ੍ਰ-ਮਾਡਲ (Harmonised Model) ਦੀ ਸਥਾਪਨਾ ਹੋ ਗਈ ਹੈ। ਅਕਾਲ ਤਖ਼ਤ ਸਾਹਿਬ ਨੂੰ ਇਸ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਇਸੇ ਲਈ ਕਿਹਾ ਜਾ ਸਕਦਾ ਹੈ ਕਿ ਪੰਥਕ ਜਥੇਬੰਦੀ ਦਾ ਕਾਰਜ ਗੁਰਮਤਿ ਚਿੰਤਨ ਦੇ ਆਰੰਭ ਤੋਂ ਹੀ ਜੋਤਿ ਅਤੇ ਜੁਗਤਿ ਦੀ ਰੌਸ਼ਨੀ ਵਿੱਚ ਚਲਦਾ ਆ ਰਿਹਾ ਹੈ। ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਪੰਥਕ ਜਥੇਬੰਦੀ ਦੇ ਕਾਰਜ ਦਾ ਕੇਂਦਰੀਕਰਨ ਹੋ ਗਿਆ ਹੈ। ਇਸ ਕੇਂਦਰੀਕਰਨ ਦੇ ਪ੍ਰਸੰਗ-ਸਥਾਪਨ ਦੀ ਅਕਾਦਮਿਕ ਜ਼ਿੰਮੇਵਾਰੀ ਅਜੇ ਤੱਕ ਨਾ ਆਪਣਿਆਂ ਵੱਲੋਂ ਅਤੇ ਨਾ ਹੀ ਬੇਗਾਨਿਆਂ ਵੱਲੋਂ ਨਿਭਾਈ ਗਈ ਹੈ। ਏਸੇ ਲਈ ਕਹਿਣ ਲਈ ਵਧੀਕੀ ਵੀ ਹੋਈ ਹੈ ਅਤੇ ਜਥੇਦਾਰ ਜਾਂ ਸਿੰਘ ਸਾਹਿਬ ਨੂੰ ਅਕਾਲ ਤਖ਼ਤ ਸਾਹਿਬ ਦਾ ਬਦਲ ਸਮਝ ਲੈਣ ਦੀ ਸਿਆਸਤ ਵੀ ਹੋਈ ਹੈ।

ਅਕਾਲ ਤਖ਼ਤ ਸਾਹਿਬ ਕੇਵਲ ਮਾਤਰ ਧਾਰਮਿਕ ਸਥਾਨ ਹੀ ਨਹੀਂ ਹੈ ਸਗੋਂ ਚਿੰਤਨ ਵਿੱਚ ਅਕਾਲ ਤਖ਼ਤ ਸਾਹਿਬ ਤਾਂ ਸਿੱਖੀ ਦੇ ਸਮੁੱਚ ਦਾ ਪ੍ਰਤੀਨਿਧਤਵ ਕਰਨ ਵਾਲਾ ਸੰਕਲਪੀ ਪ੍ਰਕਾਸ਼ਨ ਹੈ। ਬਾਕੀ ਤਖ਼ਤ ਸਾਹਿਬਾਨ ਤੋਂ ਵੀ ਇਹੀ ਆਸ ਕੀਤੀ ਜਾਣੀ ਚਾਹੀਦੀ ਹੈ। ਇਸ ਸੰਕਲਪ ਦੇ ਬੀਜ ਗੁਰੂ ਨਾਨਕ ਦੇਵ ਜੀ ਦੇ ਚਿੰਤਨ ਵਿੱਚ ਵਿਦਮਾਨ ਹਨ ਅਤੇ ਇਸ ਸੰਕਲਪ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਸੀ। ਅਕਾਲ ਤਖ਼ਤ ਸਾਹਿਬ ਕਿਸੇ ਵਕਤੀ ਮਜ਼ਬੂਰੀ ਵਿਚੋਂ ਪੈਦਾ ਹੋਈ, ਵਕਤੀ ਲੋੜ ਦੀ ਪੂਰਤੀ ਲਈ, ਕਿਸੇ ਖਾਸ ਸਮੇਂ ਅਤੇ ਸਥਿਤੀ ਵਾਸਤੇ ਸਾਹਮਣੇ ਆਈ ਸੰਸਥਾ ਨਹੀਂ ਹੈ। ਸੰਸਥਾਵਾਂ ਨੂੰ ਇਹ ਤਿੰਨੇ ਬੰਧਨ ਰਹਿੰਦੇ ਹੀ ਹਨ। ਪਰ ਅਕਾਲ ਤਖ਼ਤ ਸਾਹਿਬ ਸੰਸਥਾ ਵਜੋਂ ਇਨ੍ਹਾਂ ਤਿੰਨਾ ਬੰਧਨਾਂ ਤੋਂ ਮੁਕਤ ਹੈ। ਸੋ ਅਕਾਲ ਤਖ਼ਤ ਸਾਹਿਬ ਤਾਂ ਗੁਰਮਤਿ ਚਿੰਤਨ ਦੀ ਨੁਮਾਇੰਦਾ ਸੰਸਥਾ ਵੀ ਹੈ। ਇਸੇ ਲਈ ਇਸ ਦੀ ਸਿਰਜਨਾ ਅਤੇ ਸਾਜਨਾ ਉਸ ਸਿੱਖ ਅਧਿਆਤਮਕ ਜਗਤ ਦਾ ਭਾਗ ਹੈ, ਜਿਸ ਦੈਵੀ ਜੁਗਤਿ ਅਧੀਨ "**ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ**" ਦੇ ਅਧਿਆਤਮਿਕ ਪ੍ਰਕਾਸ਼ਨ ਵਾਸਤੇ ਸਿੱਖ ਧਰਮ ਪ੍ਰਗਟ ਹੋਇਆ ਸੀ। ਇਸ ਵਾਸਤੇ ਅਕਾਲ ਤਖ਼ਤ ਸਾਹਿਬ ਆਪਣੇ ਆਪ ਵਿੱਚ ਸੰਪੂਰਨ ਗੁਰਮਤਿ ਸੰਕਲਪ ਹੈ ਅਤੇ ਜਥੇਬੰਦੀ ਦੀ ਪੱਧਰ ’ਤੇ ਚੜ੍ਹਦੀ ਕਲਾ ਵਾਲੇ ਜੀਵਨ ਵਾਸਤੇ ਪ੍ਰੇਰਨਾ ਵੀ ਹੈ। ਸਿੱਖ ਸਮਾਜ ਵਿੱਚ ਧਰਮ ਅਤੇ ਸਿਆਸਤ ਦੋਵੇਂ ਹੀ ਅਕਾਲ ਤਖ਼ਤ ਸਾਹਿਬ ਰਾਹੀਂ ਨਿਰਦੇਸ਼ਿਤ ਹੁੰਦੇ ਰਹੇ ਹਨ। ਵਰਤਮਾਨ ਪ੍ਰਸੰਗ ਵਿੱਚ ਵੀ ਸਮੂਹ ਪੰਥਕ ਮੋਰਚੇ ਅਕਾਲ ਤਖ਼ਤ ਸਾਹਿਬ ਤੋਂ ਹੀ ਆਰੰਭ ਹੁੰਦੇ ਰਹੇ ਹਨ। ੧੯੪੭ ਤੋਂ ਪਹਿਲਾਂ ਭਾਰਤ ਦੀ ਆਜ਼ਾਦੀ ਵਾਸਤੇ ਲੜੀ ਜਾ ਰਹੀ ਲੜਾਈ ਵਿੱਚ ਸਿੱਖਾਂ ਦੀ ਭੂਮਿਕਾ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੁੰਦੀ ਹੈ। ਤਖ਼ਤ ਇਸ ਤਰ੍ਹਾਂ ਸਿੱਖ ਕੌਮੀਅਤ ਦਾ ਪ੍ਰਾਣ ਕੇਂਦਰ ਹਨ ਅਤੇ ਇਨ੍ਹਾਂ ਤੋਂ ਸਿੱਖਾਂ ਨੂੰ ਦੂਰ ਰੱਖਣ ਦੀ ਸਿਆਸਤ ਆਪਣਿਆਂ ਅਤੇ ਬੇਗਾਨਿਆਂ ਵੱਲੋਂ ਲਗਾਤਾਰ ਹੋ ਰਹੀ ਹੈ।



## 2.1 ਪੰਜ ਪਿਆਰੇ :

ਸਿੱਖ ਚਿੰਤਨ ਦੇ ਪਰਿਪੇਖ ਵਿੱਚ ਸਦ ਪ੍ਰਸੰਗਕਤਾ ਨਾਲ ਸਬੰਧਤ ਸਰੋਕਾਰਾਂ ਵਿੱਚ ਸਥਾਪਿਤ ਸਤਿ ਦਾ ਪ੍ਰਕਾਸ਼ਨ ਲਾਜ਼ਮੀ ਸਰੋਕਾਰ ਹੈ। ਪੰਜ ਪਿਆਰਿਆਂ ਨੂੰ ਸਿੱਖ ਚਿੰਤਨ ਨਾਲ ਸੰਬੰਧਿਤ ਇਤਿਹਾਸਕ ਅਤੇ ਧਰਮ ਵਿਗਿਆਨਕ ਸਰੋਕਾਰਾਂ ਦਾ ਪ੍ਰਤੀਨਿਧ ਪ੍ਰਵਾਨ ਕੀਤਾ ਜਾ ਸਕਦਾ ਹੈ। ਇਸਦਾ ਨਿਰੰਤਰ ਪ੍ਰਕਾਸ਼ਨ ਇਸ ਨੂੰ ਸਿੱਖੀ ਦੇ ਸਥਾਪਤ ਸੱਚ ਵਜੋਂ ਪ੍ਰਗਟ ਕਰਦਾ ਰਿਹਾ ਹੈ। ਇਸ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਪੰਜ ਪਿਆਰਿਆਂ ਦੀ ਸੰਸਥਾ ਰੂਪ ਵਿੱਚ ਨਿਸ਼ਾਨੀ ਵਿਸ਼ਵਾਰਥੀ ਧਾਰਮਿਕ ਤੱਤਾਂ ਦਾ ਬੋਲਬਾਲਾ ਮੰਨੀ ਜਾ ਸਕਦੀ ਹੈ। ਅਜਿਹਾ ਪ੍ਰਵਾਨ ਕਰਦੇ ਸਮੇਂ, ਮਾਨਵ ਦੀ ਪਛਾਣ ਵਜੋਂ ਮਾਨਤਾ ਅਤੇ ਵਿਅਕਤੀਗਤ ਆਜ਼ਾਦੀ ਨਾਲ ਜੁੜੇ ਹੋਏ ਮੂਲ ਪ੍ਰਸ਼ਨ ਅਤੇ ਇਨ੍ਹਾਂ ਦੇ ਉੱਤਰ, ਮਾਨਵੀ ਪਹੁੰਚ ਅੰਦਰ ਸਪੱਸ਼ਟ ਹੋ ਜਾਣੇ ਚਾਹੀਦੇ ਹਨ। ਭਾਸ਼ਾ ਦੇ ਧਾਰਮਿਕ ਮੁਹਾਵਰੇ ਵਿੱਚ ਪ੍ਰਾਪਤ ਬਿੰਬਾਂ ਦੀ ਮੁੱਖ ਭੂਮਿਕਾ ਰਹੇਗੀ। ਇਸ ਵਾਸਤੇ ਟਕਸਾਲੀ ਸੰਗਯਾ ਕਰਾਰ ਪ੍ਰਾਪਤ ਹੈ। ਇਸ ਸਾਰੇ ਕੁਝ ਨੂੰ ਤ੍ਰੈਗੁਣਾਤਮਕਤਾ ਦੀ ਸੀਮਾ ਵਿੱਚ ਪਰਵਾਨ ਕਰਨ ਦੀ ਥਾਂ ਸ਼ਬਦ ਦਾ ਆਜ਼ਾਦ ਅਤੇ ਅਚੁੱਕ ਮਾਡਲ ਹੀ ਰਾਸ ਆਵੇਗਾ। ਇਥੋਂ ਹੀ ਸਿੱਖ ਧਰਮ ਦੀ ਵੱਖਰੀ ਪਛਾਣ ਦੇ ਸਿਧਾਂਤਕ ਅਧਾਰਾਂ ਦਾ ਆਰੰਭ ਹੋ ਜਾਂਦਾ ਹੈ। ਧਰਮ ਚਿੰਤਨ ਦੇ ਖੇਤਰ ਵਿੱਚ ਪੰਜ ਪਿਆਰੇ ਉਤਮ ਹੋ ਕੇ ਦੇਹਧਾਰੀ ਉਤਮਤਾ ਦੇ ਲਖਾਇਕ ਨਹੀਂ ਹਨ। ਵਿਅਕਤੀ ਦੀ ਥਾਂ ਸਿਧਾਂਤਕ ਬੋਲਬਾਲੇ ਨੂੰ ਸਿਧਾਂਤਕ ਪੰਥਕ ਬੋਲਬਾਲੇ ਦੀ ਸੰਗਯਾ ਹਾਸਲ ਹੋ ਗਈ ਹੈ। ਸਿੱਖ ਧਰਮ ਵਿੱਚ ਲਗਾਤਾਰ ਇਸੇ ਦਾ ਇਤਿਹਾਸਕ ਪ੍ਰਕਾਸ਼ਨ ਹੋਇਆ ਹੈ। ਸਿੱਖ ਧਰਮ ਦੀ ਇਸ ਆਦਰਸ਼ਕ ਅਤੇ ਨੈਤਿਕ ਸਿੱਖ-ਜੁਗਤ ਵਿੱਚ ਰਹਿਤ ਨੂੰ ਕੇਂਦਰੀਅਤਾ ਪ੍ਰਦਾਨ ਕੀਤੀ ਗਈ ਹੈ। ਇਹੋ ਸਿੱਖੀ ਧਾਰਮਿਕ ਕੀਮਤਾਂ ਹਨ ਅਤੇ ਇਨ੍ਹਾਂ ਦੀ ਵਿਲੱਖਣਤਾ ਇਹ ਹੈ ਕਿ ਇਹ ਸੱਚ ਵਾਂਗ ਕਦੇ ਪੁਰਾਣੀਆਂ ਨਹੀਂ ਹੋਣੀਆਂ ਚਾਹੀਦੀਆਂ ਅਤੇ ਇਨ੍ਹਾਂ ਦੀ ਆਧੁਨਿਕ ਪਰਿਪੇਖ ਵਿੱਚ ਪ੍ਰਸੰਗਕਤਾ ਵੀ ਨਹੀਂ ਗੁਆਚਣੀ ਚਾਹੀਦੀ। ਇਹ ਪੱਖ ਵਿਸਥਾਰ ਵਿੱਚ ਸਿੰਘ ਸਾਹਿਬਾਨ ਦੇ ਸਿਰਲੇਖ ਹੇਠ ਵਿਚਾਰਿਆ ਜਾਵੇਗਾ।

ਇਸ ਨਾਲ ਤਾਂ ਇਹੀ ਤੱਥ ਸਾਹਮਣੇ ਆ ਰਿਹਾ ਹੈ ਕਿ ਵਿਅਕਤੀਗਤ ਉਤਮਤਾ ਉੱਤੇ ਆਧਾਰਿਤ ਵੰਡ ਨੇ ਮਾਨਵ-ਮਾਨਸਿਕਤਾ ਨੂੰ ਸ਼ੋਸ਼ਣ ਮਾਡਲਾਂ ਦਾ ਸ਼ਿਕਾਰ ਬਣਾ ਦਿੱਤਾ ਸੀ। ਸਿੱਟਾ ਇਹ ਨਿਕਲਿਆ ਸੀ ਕਿ ਮੁੱਢ ਵਿੱਚ ਇਹ ਵੰਡ ਮਨੁੱਖ ਨੂੰ ਪ੍ਰਬੰਧਕੀ ਢਾਂਚੇ ਵਿੱਚ ਨਿਯੰਤਰਿਤ ਕਰਨ ਵਾਸਤੇ ਸੀ; ਪਰ ਹੌਲੀ-ਹੌਲੀ ਮਨੁੱਖ ਇਸ ਵੰਡ ਦਾ ਮੁਥਾਜ ਹੁੰਦਾ ਚਲਾ ਗਿਆ ਸੀ। ਕਾਰਨ ਇਹ ਹੋਇਆ ਕਿ ਵੰਡ ਕਰਮ ਤੋਂ ਕੇ ਜਨਮ ਤੋਂ ਹੋ ਗਈ ਅਤੇ ਅਯੋਗ ਨੂੰ ਯੋਗਤਾ ਦਾ ਜਨਮ ਸਿੱਧ ਅਧਿਕਾਰ ਪ੍ਰਾਪਤ ਹੋ ਗਿਆ। ਵਰਣ-ਵੰਡ ਨੇ ਕੁਲਹਿਣਾ ਅਤੇ ਕੁਲੱਛਣਾ ਰੂਪ ਅਖਤਿਆਰ ਕਰ ਲਿਆ। ਇਸ ਨਾਲ ਜੋ ਮਾਨਸਿਕ ਗੁਲਾਮੀ, ਜਨਮ ਤੋਂ ਹੰਢਾਉਣ ਦੀ ਸਜ਼ਾ ਵਾਂਗ ਲਾਜ਼ਮੀ ਹੋ ਗਈ ਸੀ, ਉਸਤੋਂ ਮੁਕਤੀ ਵਾਸਤੇ ਸਿੱਖ ਧਾਰਮਿਕ ਮਾਡਲ ਨੂੰ ਪੰਜ ਪਿਆਰਿਆਂ ਦੀ ਸੰਸਥਾ ਦੇ ਰੂਪ ਵਿੱਚ ਸਥਾਪਿਤ ਕਰਕੇ, ਦਸਮ ਪਾਤਸ਼ਾਹ ਹਜ਼ੂਰ ਨੇ ਮਾਨਵ ਕਲਿਆਣ ਦੇ ਗੁਰਮਤਿ ਮਾਡਲ ਵਜੋਂ ੧੬੯੯ ਈ. ਦੇ ਵਿਸਾਖੀ ਵਾਲੇ ਦਿਨ ਆਨੰਦਪੁਰ ਸਾਹਿਬ ਵਿਖੇ ਪ੍ਰਕਾਸ਼ਮਾਨ ਕਰ ਦਿੱਤਾ ਸੀ।

**2.2** ਧਰਮ ਚਿੰਤਨ ਦੇ ਖੇਤਰ ਭੂਤਕਾਲ ਦੇ ਭੈਅ ਅਤੇ ਭਵਿੱਖ ਕਾਲ ਦੇ ਲਾਰੇ ਨੇ ਧਰਮ ਵਿੱਚ ਸਤਿ ਪ੍ਰਕਾਸ਼ਨ ਦੀ ਥਾਂ ਕਰਾਮਾਤੀ ਮਾਡਲ ਦੇ ਇਸ ਬਾਣੀ-ਬਦਲ ਨੂੰ ਹੀ ਇੱਥੇ ਅਚੁੱਕ ਸ਼ਬਦ ਮਾਡਲ ਆਖਿਆ ਜਾ ਰਿਹਾ ਹੈ। ਅਚੁੱਕ ਸ਼ਬਦ ਮਾਡਲ, ਸ਼ਬਦ ਗੁਰੂ ਦਾ ਹੀ

ਅਨੁਵਾਦਨ ਹੈ। ਇਸ ਨਾਲ ਧਾਰਮਿਕ ਮਾਡਲ ਵਿੱਚੋਂ ਬਿਨਸਣਹਾਰਤਾ ਨੂੰ ਮਨਫ਼ੀ ਕਰਨ ਦਾ ਪ੍ਰਸੰਗ ਸਾਹਮਣੇ ਆ ਜਾਂਦਾ ਹੈ। ਬਿਨਸਣਹਾਰਤਾ ਦੀ ਸ਼ਮੂਲੀਅਤ ਵਾਲੇ ਮਾਡਲਾਂ ਰਾਹੀਂ ਕਰਾਮਾਤੀ ਸੋਸ਼ਣ, ਉਪਭੋਗੀ ਬਿਰਤੀ ਦਾ ਬੋਲਬਾਲਾ, ਸਹੂਲਤਮੁਖੀ ਧਾਰਮਿਕਤਾ ਦਾ ਲਾਲਚ ਅਤੇ ਸਮਾਨਾਂਤਰ ਸਰੋਕਾਰਾਂ ਵਾਲਾ ਜੀਵਨ ਸਾਹਮਣੇ ਆਉਂਦਾ ਰਿਹਾ ਹੈ। ਇਨ੍ਹਾਂ ਸਭ ਦਾ ਵਰਤਮਾਨ ਤਾਂ ਹੁੰਦਾ ਹੈ ਪਰ ਇਹ ਸੋਸ਼ਣ ਮੁਕਤ ਨਹੀਂ ਹੋ ਸਕਦਾ। ਇਸਦੇ ਭੂਤ ਵਿੱਚੋਂ ਉਂਘਲਈ ਸਮਰਥਨ (justification) ਵੀ ਲਭ ਜਾਂਦਾ ਹੈ। ਸਿੱਟਾ ਇਹ ਹੁੰਦਾ ਹੈ ਕਿ ਇਸਦਾ ਭਵਿੱਖ ਮੂਲੋਂ ਹੀ ਗੁਆਚ ਜਾਂਦਾ ਹੈ। ਗੁਆਚਣ ਦੇ ਅਹਲੇ ਵਿੱਚੋਂ ਸਾਰੇ ਧਾਰਮਿਕ ਸੋਸ਼ਣ ਸਾਹਮਣੇ ਆਉਂਦੇ ਹਨ। ਇਸ ਹਾਲਤ ਵਿੱਚ ਧਾਰਮਿਕ ਮਾਨਸਿਕਤਾ ਵਾਸਤੇ ਬੀਤ ਗਏ, ਬੀਤ ਰਹੇ ਅਤੇ ਬੀਤਣ ਵਾਲੇ ਨੂੰ ਅਮਲ ਵਿੱਚ ਇਕਸੁਰ ਕਰਨਾ ਸਿੱਖੀ ਦਾ ਮੂਲ ਸਰੋਕਾਰ ਹੋ ਗਿਆ ਹੈ। ਇਹੀ ਖਾਲਸੇ ਦੇ ਨਿਆਰੇਪਨ ਵਜੋਂ ਸਾਹਮਣੇ ਆ ਚੁੱਕਾ ਹੈ। ਇਹੀ ਸਦ ਪ੍ਰਸੰਗਕਤਾ ਹੈ। ਸਦ-ਪ੍ਰਸੰਗਕਤਾ ਦੀ ਸਥਾਪਨਾ ਵਾਸਤੇ ਇਹ ਸਾਰੇ ਪਰਤ-ਪ੍ਰਕਾਸ਼ਨ "ਧਰਮ ਚਲਾਵਨ" ਲਈ ਵੱਡੀ ਰੁਕਾਵਟ ਸਾਬਤ ਹੁੰਦੇ ਰਹੇ ਹਨ। ਇਸਦੇ ਵਧੇਰੇ ਵਿਸਥਾਰ ਦੀ ਇਥੇ ਗੁੰਜਾਇਸ਼ ਨਹੀਂ ਹੈ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੀਆਂ ਲੰਮੀਆਂ ਬਾਣੀਆਂ ਓਅੰਕਾਰ, ਸਿਧ ਗੋਸਟਿ ਅਤੇ ਆਸਾ ਦੀ ਵਾਰ ਵਿਚੋਂ ਇਸ ਧਾਰਨਾ ਦੇ ਆਧਾਰ ਪ੍ਰਾਪਤ ਹੋ ਜਾਂਦੇ ਹਨ। ਧਰਮ ਦੇ ਖੇਤਰ ਵਿੱਚ ਜਿਸ ਕਿਸਮ ਦੀ ਧਾਰਮਿਕ ਖੜੋਤ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ, ਉਸ ਤੋਂ ਉਹੀ ਧਰਮ ਮੁਕਤ ਰਹਿ ਸਕਦਾ ਹੈ, ਜਿਸਦਾ ਚਿੰਤਨ ਅਤੇ ਨੈਤਿਕਤਾ ਸਮਸ੍ਵਰਤਾ ਵਿੱਚ ਨਿਰੰਤਰ ਪ੍ਰਗਟ ਹੁੰਦੇ ਰਹਿੰਦੇ ਹਨ। ਕਥਨ ਦਾ ਭਾਵ ਇਹ ਕਿ ਸਿੱਖ ਸਿਧਾਂਤ ਦੀ ਪ੍ਰਸੰਗਕਤਾ ਧਰਮ ਦੇ ਪ੍ਰਸੰਗ ਵਿੱਚ ਹੈ ਅਤੇ ਇਸ ਨੂੰ ਧਾਰਮਿਕਤਾ ਤੱਕ ਸੀਮਤ ਕੀਤੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਧਰਮ ਵਹਿੰਦਾ ਪਾਣੀ ਹੈ ਅਤੇ ਧਾਰਮਿਕਤਾ ਖਲੋਤਾ ਹੋਇਆ ਪਾਣੀ। ਖਲੋਤਾ ਹੋਇਆ ਪਾਣੀ ਜੇ ਸਰੋਵਰ ਵੀ ਹੈ ਤਾਂ ਵੀ ਇਸਨੂੰ ਪ੍ਰਗਟ ਰੂਪ ਵਿਚ ਸੰਭਾਲੇ ਜਾਣ ਦੀ ਲੋੜ ਹੈ। ਇਹੀ ਧਾਰਮਿਕ ਰਹਿਤ ਵਜੋਂ ਪ੍ਰਵਾਨਿਤ ਹੈ।

ਸੋ ਸਪੱਸ਼ਟ ਹੋਇਆ ਕਿ ਸਿੱਖ ਧਰਮ ਵਿੱਚ ਸ਼ਬਦ-ਮਾਡਲ ਨੂੰ ਕੇਂਦਰੀਅਤਾ ਪ੍ਰਾਪਤ ਹੈ ਅਤੇ ਸਿੱਖ ਧਰਮ ਵਿੱਚੋਂ ਵਕਤੀ ਅਤੇ ਬਿਨਸਣਹਾਰ ਸਰੋਕਾਰਾਂ ਨੂੰ ਮਨਫੀ ਮੰਨਿਆ ਹੋਇਆ ਹੈ। ਇਸਦਾ ਇਥੇ ਵਿਸਥਾਰ ਦੇਣ ਦੀ ਥਾਂ ਇੰਨਾ ਹੀ ਕਹਿਣਾ ਕਾਫੀ ਹੈ ਕਿ ਸਿੱਖ ਚਿੰਤਨ ਜਾਂ ਸਿੱਖ ਇਤਿਹਾਸ ਨਾਲ ਸੰਬੰਧਤ ਕੋਈ ਵੀ ਪ੍ਰਕਾਸ਼ਨ ਅਚੁੱਕ ਸ਼ਬਦ-ਮਾਡਲ ਦੇ ਅੰਤਰਗਤ ਹੀ ਪੈਦਾ ਹੋਇਆ ਅਤੇ ਪ੍ਰਵਾਨ ਹੋਇਆ ਮੰਨਿਆ ਜਾਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਪੰਜ ਪਿਆਰਿਆਂ ਦੀ ਪ੍ਰਸੰਗਿਕਤਾ ਦਿਲਚਸਪ ਵਿਸ਼ਾ ਬਣ ਜਾਂਦਾ ਹੈ।

ਇਹ ਸੱਚ ਪ੍ਰਵਾਨ ਕਰਕੇ ਤੁਰਨਾ ਚਾਹੀਦਾ ਹੈ ਕਿ ਜਿਸ ਧਰਮ ਦੀ ਵਰਤਮਾਨ ਪ੍ਰਸੰਗਿਕਤਾ ਗੁਆਚ ਜਾਂਦੀ ਹੈ, ਉਹ ਧਰਮ ਖੜੋਤ ਦਾ ਸ਼ਿਕਾਰ ਵੀ ਹੋ ਜਾਂਦਾ ਹੈ ਅਤੇ ਅਪ੍ਰਸੰਗਕ ਵੀ ਹੋ ਜਾਂਦਾ ਹੈ। ਭਾਰਤੀ ਪ੍ਰਸੰਗ ਵਿੱਚ ਭਾਰਤੀ ਵਿੱਦਿਆ ਭਵਨ ਵੱਲੋਂ ਛਪੀ ਇੱਕ ਪੁਸਤਕ ਦਾ ਹਵਾਲਾ ਦੇ ਕੇ ਕਹਿ ਰਿਹਾ ਹਾਂ ਕਿ ਸਿੱਖ ਧਰਮ ਦੇ ਹੋਂਦ ਵਿੱਚ ਆਉਣ ਸਮੇਂ ਭਾਵ ਸੋਲ੍ਹਵੀਂ ਸਦੀ ਦੇ ਆਰੰਭ ਵਿੱਚ, ਭਾਰਤੀ ਧਰਮ ਖੜੋਤ ਦਾ ਪੂਰਨ ਭਾਂਤ ਸ਼ਿਕਾਰ ਸੀ। ਪਰ ਸਿੱਖ ਧਰਮ ਪ੍ਰਕਾਸ਼ਨ ਦਾ ਇਹੀ ਇਕ ਕਾਰਨ ਨਹੀਂ ਸੀ। ਇਸ ਉਦਾਹਰਣ ਨਾਲ ਤਾਂ ਸਿੱਖ ਧਰਮ ਦੀ ਸਾਰਥਕਤਾ ਹੀ ਸਥਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਧਰਮ ਜਦੋਂ ਆਪਣੀ ਪ੍ਰਸੰਗਕਤਾ ਗੁਆ ਲੈਂਦਾ ਹੈ ਤਾਂ ਧੁੰਧਲਾਹਟ, ਪੂਜਕ ਬਿਰਤੀ ਅਤੇ ਕਲਪਿਤ-ਸਰਚਣ ਹੀ ਧਰਮ ਹੋ ਜਾਂਦਾ ਹੈ। ਇਹ ਸਥਿਤੀ ਧਰਮ ਅਤੇ ਧਾਰਮਿਕਤਾ ਵਿੱਚ ਫਰਕ ਕਰ ਸਕਣ ਦੀ



ਬਿਬੇਕੀ ਬੁੱਧ ਤੋਂ ਮਹਿਰੂਮ ਹੋ ਜਾਣ ਦੀ ਹੈ। ਇਸ ਹਾਲਤ ਵਿੱਚ ਪ੍ਰਮਾਤਮਾ ਵੀ ਆਪਣੇ ਇਤਿਹਾਸਕ ਰੂਪ ਵਿੱਚ ਉਂਘਲਈ ਹੋ ਜਾਂਦਾ ਹੈ। ਇਹ ਮਾਨਵ ਦਾ ਸਰੀਰਕ, ਸਿਆਸੀ ਅਤੇ ਸਮਾਜਿਕ ਤੌਰ 'ਤੇ ਅਵਿਕਸਿਤ ਹੋ ਜਾਣਾ ਹੈ।[4] ਸਮਕਾਲੀ ਪ੍ਰਸੰਗ ਵਿੱਚ ਪ੍ਰਾਪਤ ਤੱਥਾਂ ਦੇ ਆਧਾਰ 'ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸਲਾਮ ਵੀ ਸਿਆਸਤ ਦੇ ਆਸਰੇ ਦਿਗਵਿਜੈ ਅਤੇ ਧਰਮ ਪਰਿਵਰਤਨ ਨੂੰ ਹੀ ਧਰਮ ਸਮਝਣ ਲੱਗ ਪਿਆ ਸੀ। ਇਥੋਂ ਤੱਕ ਕਿ ਸਵਰਗਵਾਸ ਹੋਏ ਸੂਫੀ ਫਕੀਰਾਂ ਦੀਆਂ ਮਿੱਟੀ ਨਿਹਮਤਾਂ ਦਾ ਖਜ਼ਾਨਾ ਅਤੇ ਬੌਧਿਕ ਪ੍ਰਾਪਤੀਆਂ ਦਾ ਸਾਧਨ ਮੰਨੀ ਜਾਣ ਲਗ ਪਈ ਸੀ। ਇਸ ਤਰ੍ਹਾਂ ਕਰਾਮਾਤ ਦਾ ਸ਼ੋਸ਼ਣ-ਮਾਡਲ ਇਸਲਾਮੀ ਚਿੰਤਨ ਦਾ ਕੇਂਦਰੀ ਬਿੰਦੂ ਹੋ ਗਿਆ ਸੀ। ਇਸ ਹਾਲਤ ਵਿੱਚ ਧਰਮ ਦਾ ਖੜੋਤ ਵਿੱਚ ਆ ਜਾਣਾ ਕੁਦਰਤੀ ਸੀ। ਬਾਣੀ ਵਿੱਚ ਇਸ ਸਥਿਤੀ ਨੂੰ "**ਧਰਮ ਪੰਖ ਕਰਿ ਉਡਰਿਆ**" ਗਰਦਾਨਿਆ ਗਿਆ ਹੈ।

ਧਰਮ ਵਿੱਚ ਸਿਧਾਂਤਾਂ ਮੂਲਕ ਅਮਲ ਨੂੰ ਕੇਂਦਰੀਅਤ ਪ੍ਰਾਪਤ ਹੋਵੇ ਤਾਂ ਧਰਮ ਸਦਕਾਲੀਨ ਪ੍ਰਸੰਗਿਕਤਾ ਦਾ ਧਾਰਨੀ ਹੋ ਜਾਵੇਗਾ। ਕਿਸੇ ਵੀ ਧਰਮ ਵਿੱਚ ਜੇ ਇਤਿਹਾਸਕਤਾ ਨੂੰ ਸਿਧਾਂਤ ਉੱਤੇ ਪਹਿਲ ਪ੍ਰਾਪਤ ਹੋ ਜਾਵੇ ਤਾਂ ਪ੍ਰਸੰਗਕਤਾ ਗੁਆਚਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਇਤਿਹਾਸ ਕੌਮੀ-ਮਾਡਲ ਤਾਂ ਹੈ ਪਰ ਇਸ ਵਿੱਚ ਧਰਮ ਦੀ ਥਾਂ ਧਾਰਮਿਕਤਾ ਨੂੰ ਪਹਿਲ ਪ੍ਰਾਪਤ ਹੋਣ ਕਰਕੇ, ਇਤਿਹਾਸ, ਸਿਧਾਂਤ ਅਤੇ ਅਧਿਆਤਮਿਕਤਾ ਦੇ ਮੁਕਾਬਲੇ ਉੱਤੇ ਸੀਮਾ ਵਿਚ ਹੈ। ਇਸ ਹਾਲਤ ਵਿੱਚ ਕਾਰਨ ਤੇ ਕਾਰਜ ਨੂੰ ਧਰਮ ਵਿੱਚ ਪ੍ਰਥਮਤਾ ਪ੍ਰਾਪਤ ਹੋ ਜਾਂਦੀ ਹੈ। ਇਤਿਹਾਸ ਨੂੰ ਜੇ ਵਹਿੰਦਾ ਦਰਿਆ ਪ੍ਰਵਾਨ ਕਰ ਲਿਆ ਜਾਵੇ ਤਾਂ "ਹੈ" ਅਤੇ "ਹੋਣਾ ਚਾਹੀਦਾ ਹੈ" ਨੂੰ ਇਸਦੇ ਦੋ ਕੰਢੇ ਪ੍ਰਵਾਨ ਕਰਨਾ ਪਵੇਗਾ। "ਹੈ" ਅਤੇ "ਹੋਣਾ ਚਾਹੀਦਾ ਹੈ" ਨਿਰਸੰਦੇਹ ਆਧੁਨਿਕ ਚਿੰਤਨ ਦੀਆਂ ਪ੍ਰਾਪਤੀਆਂ ਵਾਲੀ ਸਮਾਜ-ਵਿਗਿਆਨੀ ਪਹੁੰਚ ਨਾਲ ਸਬੰਧਤ ਹੈ, ਪ੍ਰੰਤੂ ਇਹ ਬੰਦੇ ਨੂੰ ਬੰਧਨ ਵਿੱਚ ਰੱਖਦਾ ਹੈ। ਅਕਲ ਨੂੰ ਅਨੁਭਵ ਉੱਤੇ ਸਰਦਾਰੀ ਇਹੋ ਜਿਹੀ ਹਾਲਤ ਵਿੱਚ ਪ੍ਰਾਪਤ ਹੋ ਜਾਂਦੀ ਹੈ। ਇਸਦੇ ਮੁਕਾਬਲੇ ਵਿੱਚ ਸਿਧਾਂਤ ਨੂੰ ਸਮੇਂ ਅਤੇ ਸਥਾਨ ਜਾਂ ਕਾਰਜ ਅਤੇ ਕਾਰਨ ਦੀ ਸੀਮਾ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ। ਇਸ ਦ੍ਰਿਸ਼ਟੀ ਤੋਂ ਸਿਧਾਂਤ ਨੂੰ ਸਿੱਖ ਪ੍ਰਸੰਗ ਵਿੱਚ ਪਰਿਵਰਤਨ-ਮਾਡਲ ਅੱਖਿਆ ਜਾ ਰਿਹਾ ਹੈ। ਇਸਨੂੰ ਪਰਤਾਂ ਵਿੱਚ ਨਹੀਂ ਗੋਲਾਕਾਰ ਵਿੱਚ ਵੇਖਿਆ ਜਾਣਾ ਚਾਹੀਦਾ ਹੈ। ਇੰਦ੍ਰਿਆਵੀ ਦ੍ਰਿਸ਼ਟੀ ਤੋਂ ਅਕਸਰ ਸਿਧਾਂਤ ਬੰਦ ਜਾਪਦਾ ਹੈ ਅਤੇ ਸਿਧਾਂਤ ਦੇ ਦੀਦਾਰਿਆਂ ਵਾਸਤੇ ਇਸਦਾ ਖੋਲ੍ਹੇ ਜਾਣਾ ਜ਼ਰੂਰੀ ਹੋ ਜਾਂਦਾ ਹੈ। ਸਿਧਾਂਤ ਨੂੰ ਚਿੰਨ੍ਹ ਦੀ ਚਾਬੀ ਨਾਲ ਖੋਲ੍ਹਿਆ ਜਾ ਸਕਦਾ ਹੈ।ਪੰਜ ਪਿਆਰੇ ਮੇਰੇ ਨਜ਼ਦੀਕ ਸਿਧਾਂਤ ਹੈ। ਸੋ ਪੰਜ ਪਿਆਰਿਆਂ ਨੇ ਆਪਣੇ ਇਤਿਹਾਸਕ ਪ੍ਰਕਾਸ਼ਨ ਦੇ ਰੂਪ ਵਿੱਚ ਕੁਝ ਚਿੰਨ੍ਹ ਪ੍ਰਦਾਨ ਕੀਤੇ ਹਨ। ਸੋ ਇਨ੍ਹਾਂ ਚਿੰਨ੍ਹਾਂ ਨਾਲ ਪੰਜ ਪਿਆਰਿਆਂ ਦੇ ਸਿਧਾਂਤਕ ਪਰਿਪੇਖ ਦੇ ਦੀਦਾਰੇ ਕੀਤੇ ਜਾ ਸਕਦੇ ਹਨ। ਇਸੇ ਵਿੱਚੋਂ ਪੰਜ ਪਿਆਰਿਆਂ ਦਾ ਪ੍ਰਸੰਗ ਸਥਾਪਨ ਹੋ ਜਾਵੇਗਾ। ਇਨ੍ਹਾਂ ਦੀ ਨੁਕਤਿਆ ਦੇ ਰੂਪ ਵਿੱਚ ਪ੍ਰਸਤੁਤੀ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ :

1) ਸ਼ਬਦ ਗੁਰੂ ਸ੍ਰੋਤ ਹੈ ਪੰਜ ਪਿਆਰਿਆਂ ਦਾ ਦਸਮ ਪਾਤਸ਼ਾਹ ਹਜ਼ੂਰ ਨੇ "ਆਪੇ ਗੁਰ ਚੇਲਾ" ਦਾ ਗੋਲਾਕਾਰ ਸਿਰਜਿਆ ਸੀ ਅਤੇ ਇਸ ਨਾਲ ਸਮਾਨਾਂਤਰਤਾ ਦੀ ਸੰਭਾਵਨਾ

4. **Living Biographies of Great Philosophers**, P. 178
"The religion of India was dozing ghost of Nirvana-nothingness. The Hindu led a static vegetative life. He was physically, politically and socially unprogressive."

ਨੂੰ ਸਮਸੂਰਤਾ ਦੇ ਸਤਿ ਵਿੱਚ ਪਰਿਵਰਤਿਤ ਕਰ ਸਕਣ ਦੀਆਂ ਸੰਭਾਵਨਾਵਾਂ ਦੇ ਰੂਪ ਵਿੱਚ ਸਾਹਮਣੇ ਲੈ ਆਂਦਾ ਸੀ। ਇਹ ਸਿਧਾਂਤ ਰੂਪ ਵਿੱਚ ਸਦਕਾਲੀਨ ਹੈ। ਇਹ ਜਿਵੇਂ ੧੬੯੯ ਈ. ਵਿੱਚ ਸੀ, ਉਵੇਂ ਹੀ ਅੱਜ ਹੈ ਅਤੇ ਇਸੇ ਤਰ੍ਹਾਂ ਹਮੇਸ਼ਾ ਰਹੇਗਾ। ਇਸ ਸਤਿ ਦੀ ਤਾਜ਼ਗੀ ਸੰਬਾਦ ਰਾਹੀਂ ਕਾਇਮ ਰੱਖੀ ਜਾ ਸਕਦੀ ਹੈ।

2) ਪੰਜ ਪਿਆਰੇ ਸ਼ਬਦ ਮੂਲਕ ਮੁਕਤ-ਮਾਡਲ ਦੇ ਪ੍ਰਤੀਨਿਧ ਹਨ। ਇਨ੍ਹਾਂ ਨੂੰ ਚੁਣੇ ਹੋਏ ਪੰਜ ਦੀ ਸੀਮਾ ਵਿੱਚ ਪਰਵਾਨ ਕਰਨ ਦੀ ਥਾਂ, ਦਾਗੇ ਹੋਇਆਂ ਦੇ ਪ੍ਰਤੀਨਿਧ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ। ਪੰਜ ਕਕਾਰ ਪੰਜ ਪਿਆਰਿਆਂ ਦਾ ਹਿੱਸਾ ਹਨ।

3) ਪੰਜ ਪਿਆਰਿਆਂ ਦਾ ਸੰਬਾਦ-ਪ੍ਰਸੰਗ ਕਾਇਮ ਹੈ। ਇਸ ਧਾਰਨਾ ਦੇ ਸਮਰਥਨ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜ ਪਿਆਰਿਆਂ ਦਾ ਨਿਸ਼ਾਨਾ "**ਚੜਿਆ ਸੋਧਨ ਧਰਤ ਲੁਕਾਈ**" ਹੈ ਅਤੇ ਇਨ੍ਹਾਂ ਦਾ ਧਰਮ ਇਹ ਹੈ :
**ਏਕੋ ਧਰਮ ਦ੍ਰਿੜੈ ਸਚੁ ਸੋਈ ॥ ਗੁਰਮਤਿ ਪੂਰਾ ਜੁਗ ਜੁਗ ਹੋਈ ॥**

4) ਪੰਜ ਪਿਆਰੇ ਧਰਮ ਪਰਿਪੇਖ ਵਿੱਚ ਪੁਜਾਰੀ ਸ਼੍ਰੇਣੀ ਦੇ ਪ੍ਰਤੀਨਿਧ ਨਹੀਂ ਹਨ। ਸਮਾਜ ਵਿੱਚੋਂ ਅਤੇ ਸਮਾਜ ਵਾਸਤੇ ਹੋਣ ਕਰਕੇ ਇਨ੍ਹਾਂ ਨੂੰ ਗ੍ਰਹਿਸਥ-ਮਾਡਲ ਤੋਂ ਬਾਹਰ ਨਹੀਂ ਰੱਖਿਆ ਗਿਆ। ਇਸ ਤਰ੍ਹਾਂ ਪੰਜ ਪਿਆਰੇ ਸਮਾਜਿਕ ਸੰਨਿਆਸਵਾਦ (Social asceticism) ਜਾਂ ਗ੍ਰਹਿਸਥ ਪ੍ਰਧਾਨ ਨੂੰ ਸਾਹਮਣੇ ਲਿਆਉਂਦੇ ਹਨ। ਪੰਜ ਪਿਆਰਿਆਂ ਨੂੰ ਨਿਰਲੇਪ ਸਰੋਕਾਰਾਂ ਦਾ ਬੋਲਬਾਲਾ ਵੀ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ।

5) ਪੰਜ ਪਿਆਰਿਆਂ ਰਾਹੀਂ ਸੰਭਾਵੀ ਅਧਿਆਤਮਿਕ ਭਾਈਚਾਰੇ ਵਿੱਚ ਭਗਤੀ ਤੇ ਸ਼ਕਤੀ ਅਤੇ ਸੰਤ ਤੇ ਸਿਪਾਹੀ ਦਾ ਸਮਸੂਰ-ਮਾਡਲ ਸਾਹਮਣੇ ਆ ਜਾਂਦਾ ਹੈ। ਇਸ ਨਾਲ ਧਾਰਮਿਕਤਾ ਨੂੰ ਸੀਮਾ ਵਿੱਚ ਰੱਖਣ ਵਾਲੇ ਵੰਡ-ਮਾਡਲ ਦਾ ਬਦਲ ਵੀ ਸਾਹਮਣੇ ਆ ਜਾਂਦਾ ਹੈ।

6) ਪੰਜ ਪਿਆਰੇ ਇੰਦ੍ਰਿਆਵੀ ਪ੍ਰਾਂਜਲਤਾ ਦੇ ਪ੍ਰਤੀਨਿਧ ਹਨ। ਮਾਤਾ ਸਾਹਿਬ ਦੇਵਾ, ਪਿਤਾ ਗੁਰੂ ਗੋਬਿੰਦ ਸਿੰਘ ਅਤੇ ਵਾਸੀ ਆਨੰਦਪੁਰ ਸਾਹਿਬ ਦੀ ਸਾਂਝ ਪਹਿਲਾਂ ਪੰਜ ਪਿਆਰਿਆਂ ਦਾ ਅਤੇ ਪਿੱਛੋਂ ਗੁਰੂ ਖਾਲਸਾ ਪੰਥ ਦਾ ਮੂਲ ਹੋ ਗਈ ਹੈ। ਪੰਜ ਕਕਾਰੀ ਰਹਿਤ ਇਸਨੂੰ ਪੱਕਿਆਂ ਵੀ ਕਰਦੀ ਹੈ ਅਤੇ ਇੰਦ੍ਰਿਆਵੀ ਜਾਂ ਪ੍ਰਾਂਜਲਤਾ ਦੀ ਭਾਈਚਾਰਕ ਪ੍ਰਸੰਗਿਕਤਾ ਨੂੰ ਵੀ ਸਥਾਪਤ ਕਰਦੀ ਹੈ।

7) ਪੰਜ ਪਿਆਰਿਆਂ ਦਾ ਸਿਧਾਂਤ ਜੀਏ ਜਾਣ ਲਈ ਹੈ ਅਤੇ ਇਸਨੂੰ ਪ੍ਰਚਾਰੇ ਜਾਣ ਦੀ ਸਿਆਸਤ ਤੋਂ ਮੁਕਤ ਰੱਖਣ ਦੀ ਲੋੜ ਹੈ। ਇਹ ਚਾਅ ਹੈ, ਖੇੜਾ ਹੈ ਅਤੇ ਇਸਨੂੰ ਰੋਜ਼ੀ ਰੋਟੀ ਦਾ ਸਾਧਨ ਵੀ ਨਹੀਂ ਸਮਝਣਾ ਚਾਹੀਦਾ। ਇਸਦੀ ਪ੍ਰਧਾਨ ਸੁਰ "**ਪਹਿਲਾਂ ਮਨ ਪਰਬੋਧੇ ਆਪਣਾ**" ਹੈ।

8) ਇਹ ਯੋਗਤਾ ਮੂਲਕ-ਮਾਡਲ (Qualifying Model)ਹੈ। ਇਸ ਵਿੱਚੋਂ ਸਹੂਲਤਮੁਖੀ ਅਕਾਂਖਿਆਵਾਂ ਮਨਫ਼ੀ ਹਨ। "**ਜਉ ਤਉ ਪ੍ਰੇਮ ਖੇਲਣ ਕਾ ਚਾਉ**" ਇਸਦਾ ਆਧਾਰ ਅਤੇ ਪ੍ਰੇਰਨਾ ਹੈ।

ਇਸ ਨਾਲ ਮਾਡਲਾਂ ਦੀ ਬਹੁਲਤਾ ਸਾਹਮਣੇ ਨਹੀਂ ਆਈ ਸਗੋਂ ਸ਼ਬਦ-ਮਾਡਲ ਦੇ ਪਰਤ-ਪ੍ਰਕਾਸ਼ਨਾਂ ਵੱਲ ਹੀ ਇਸ਼ਾਰੇ ਹੋਏ ਹਨ। ਇਸ ਨਾਲ ਸਾਬਤ ਇਹੀ ਹੁੰਦਾ ਹੈ ਕਿ ਪੰਜ ਪਿਆਰਿਆਂ ਨੂੰ ਸਿਧਾਂਤ ਰੂਪ ਵਿੱਚ ਸਦ-ਤਾਜ਼ਗੀ ਵਾਲੇ ਸਰੋਕਾਰਾਂ ਦਾ ਪ੍ਰਤੀਨਿਧ ਪ੍ਰਵਾਨ



ਕੀਤਾ ਗਿਆ ਹੈ। ਇਹ ਸਿਰਜਨਾ ਕਿਸੇ ਤਰ੍ਹਾਂ ਵੀ ਵਕਤੀ ਲੋੜ ਵਕਤੀ ਪੂਰਤੀ ਤੱਕ ਸੀਮਤ ਨਹੀਂ ਸੀ। ਪੰਜ ਪਿਆਰਿਆਂ ਦਾ ਸਿਧਾਂਤ ਅਚੁੱਕ ਸ਼ਬਦ-ਮਾਡਲ ਦਾ ਅਮਲ ਵਿੱਚ ਪ੍ਰਕਾਸ਼ਨ ਹੈ। ਇਸ ਨਾਲ ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਦੀ ਸਮਸੂਰਤਾ ਸਾਹਮਣੇ ਆਈ ਹੈ। ਇਹ ਮਾਨਵਤਾ ਵਾਸਤੇ ਹੈ ਅਤੇ ਇਸ ਨਾਲ ਅਧਿਆਤਮਕ ਭਾਈਚਾਰੇ (Spiritual Kinship) ਦੀ ਸਿਰਜਨਾ ਵਾਸਤੇ ਲੋੜੀਂਦੇ ਆਧਾਰ ਮੁਹੱਈਆ ਹੋ ਗਏ ਹਨ।

### 3.1 ਸਿੰਘ ਸਾਹਿਬਾਨ :

ਸਿੰਘ ਸਾਹਿਬਾਨ ਤਖ਼ਤਾਂ ਦੇ ਨਿਗਰਾਨ (Custodians) ਹਨ ਅਤੇ ਗੁਰੂ ਖਾਲਸਾ ਪੰਥ ਦੇ ਪ੍ਰਤੀਨਿਧ ਹਨ। ਇਨ੍ਹਾਂ ਨੂੰ ਪੁਜਾਰੀ ਸ਼੍ਰੇਣੀ ਵਜੋਂ ਗ੍ਰਹਿਣ ਕੀਤੇ ਜਾਣ ਦੀ ਆਗਿਆ ਸਿੱਖ ਧਰਮ ਚਿੰਤਨ, ਸਿੱਖ ਪ੍ਰੰਪਰਾ ਅਤੇ ਸਿੱਖ ਇਤਿਹਾਸ ਵਿਚੋਂ ਪ੍ਰਾਪਤ ਨਹੀਂ ਹੈ। ਗੁਰੂ ਖਾਲਸਾ ਪੰਥ ਦੀ ਮਰਜ਼ੀ ਜਾਂ ਰੀਝ ਦਾ ਪ੍ਰਕਾਸ਼ਨ, ਸਿੰਘ ਸਾਹਿਬਾਨ ਰਾਹੀਂ ਹੁੰਦਾ ਆਇਆ ਹੈ। ਸਿੰਘ ਸਾਹਿਬਾਨ ਨੂੰ ਪੰਚ-ਪ੍ਰਧਾਨੀ ਪ੍ਰਸੰਗ ਵਿੱਚ ਸਿੰਘ ਸਾਹਿਬ ਦੀ ਵਿਅਕਤੀਗਤ ਹੈਸੀਅਤ ਨਾਲੋਂ ਨਿਖੇੜ ਕੇ ਵੇਖੇ ਜਾਣ ਦੀ ਲੋੜ ਹੈ। ਇਹ ਨਾਜ਼ੁਕ ਮਸਲਾ ਹੈ ਕਿਉਂਕਿ ਸਿੰਘ ਸਾਹਿਬ ਨੂੰ ਸਿੱਖ ਭਾਵਨਾ ਦੀ ਥਾਂ ਉੱਤੇ ਸਿੱਖ ਲਕਬ ਜਾਂ ਸਿੱਖੀ ਦੇ ਅੰਤਰਗਤ ਮਿਲੇ ਹੋਏ ਆਹੁਦੇ ਵਜੋਂ ਹੀ ਵੇਖਿਆ ਜਾ ਰਿਹਾ ਹੈ। ਸਿੰਘ ਸਾਹਿਬ ਕਿਸੇ ਨਿਸ਼ਚਿਤ ਸਿੱਖ ਪਛਾਣ ਦੀ ਸੂਚਕ ਸੰਗਯਾ ਨਹੀਂ ਹੈ ਸਗੋਂ ਖਾਲਸਾ ਭਾਵਨਾ ਦੇ ਪ੍ਰਤੀਨਿਧ ਹੋਣ ਦੀ ਲਖਾਇਕ ਪਦਵੀ ਹੈ। ਪ੍ਰਤੀਨਿਧਤਾ ਹਰ ਹਾਲਤ ਵਿੱਚ ਗੁਰੂ ਖਾਲਸਾ ਪੰਥ ਦੀ ਹੀ ਹੈ। ਗੁਰੂ ਖਾਲਸਾ ਪੰਥ ਨੂੰ "ਗੁਰੂ ਕੀ ਦੇਹ" ਹੋਣ ਦੀ ਉਸੇ ਤਰ੍ਹਾਂ ਪੰਥਕ ਮਾਨਤਾ ਪ੍ਰਾਪਤ ਹੈ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸ਼ਬਦ-ਗੁਰੂ ਵਜੋਂ "ਗੁਰੂ ਕੀ ਦੇਹ" ਹੋਣ ਦੀ ਮਾਨਤਾ ਦਸਮ ਪਾਤਸ਼ਾਹ ਹਜ਼ੂਰ ਨੇ ਗੁਰੂ ਮਾਨਿਓ ਗ੍ਰੰਥ ਰਾਹੀਂ ਦੇ ਦਿੱਤੀ ਸੀ। ਗੁਰੂ ਖਾਲਸਾ ਪੰਥ ਬਾਰੇ ਰਹਿਤਨਾਮੇ ਵਿੱਚ ਇਹ ਹਵਾਲਾ ਪ੍ਰਾਪਤ ਹੈ :

**ਗੁਰੂ ਖਾਲਸਾ ਮਾਨੀਅਹਿ ਪ੍ਰਗਟ ਗੁਰੂ ਕੀ ਦੇਹ॥**
**ਜੋ ਸਿਖ ਮੋ ਮਿਲਬੈ ਚਹੈ, ਖੋਜੁ ਇਨਹੁ ਮੈਂ ਲੇਹ॥**[5]

ਸੋ ਗੁਰੂ ਖਾਲਸਾ ਪੰਥ ਸ਼ਬਦ ਗੁਰੂ ਦੀ ਅਗਵਾਈ ਵਿੱਚ ਕੋਈ ਵੀ ਫੈਸਲਾ ਲੈਣ ਦੇ ਸਮਰੱਥ ਹੈ:
**ਗੁਰਿਆਈ ਸਰਬਤ੍ਰ ਖਾਲਸੇ ਦੀ ਤੇ ਆਸਰਾ ਗੁਰੂ ਕੇ ਸ਼ਬਦੋਂ ਕਾ**[6]

ਗੁਰੂ ਖਾਲਸਾ ਪੰਥ ਦਾ ਪ੍ਰਤੀਨਿਧਤਵ ਪੰਜ ਸਿੰਘ ਸਾਹਿਬਾਨ ਕਰਦੇ ਹਨ ਅਤੇ ਇਕੱਲਾ ਸਿੰਘ ਸਾਹਿਬ ਇਸ ਪ੍ਰਤੀਨਿਧਤਾ ਦਾ ਅਧਿਕਾਰੀ ਨਹੀਂ ਹੈ। ਇਕੱਲਾ ਸਿੰਘ ਸਾਹਿਬ ਤਖ਼ਤ ਸਾਹਿਬ ਦਾ ਸੇਵਾਦਾਰ ਹੋਣ ਦੇ ਨਾਤੇ ਨਿਗਰਾਨ ਹੀ ਕਿਹਾ ਜਾ ਸਕਦਾ ਹੈ। ਨਿਗਰਾਨ ਸੰਸਥਾ ਨਹੀਂ ਹੋ ਸਕਦਾ। ਏਸੇ ਲਈ ਹੁਕਮਨਾਮਾ ਇਕੱਲਾ ਸਿੰਘ ਸਾਹਿਬ ਨਹੀਂ ਕਰ ਸਕਦਾ। ਹੁਕਮਨਾਮਾ ਬਹੁ-ਸੰਮਤੀ ਨਾਲ ਵੀ ਨਹੀਂ ਹੁੰਦਾ। ਹੁਕਮਨਾਮਾ ਸਰਬਸੰਮਤੀ ਵਾਲਾ ਹੀ ਸੰਭਵ ਹੈ ਅਤੇ ਇਸ ਤਰ੍ਹਾਂ ਹੁਕਮਨਾਮਾ ਮਤੇ ਵਾਂਗ ਪਕਾਇਆ ਜਾਂਦਾ ਹੈ। ਇਸੇ ਭਾਵਨਾ ਨੂੰ ਪ੍ਰੰਪਰਾ ਨੇ "ਦੀਦਾਰ ਖਾਲਸੇ ਕਾ ਅਰ ਪਰਚਾ ਸ਼ਬਦ ਕਾ" ਵਜੋਂ ਸੰਭਾਲਿਆ ਹੋਇਆ ਹੈ। ਇਹ ਜ਼ੁੰਮੇਵਾਰੀ ਵਰਤਮਾਨ ਸਿੰਘ ਸਾਹਿਬਾਨ ਵੱਲੋਂ ਪੰਜ ਪ੍ਰਧਾਨੀ ਰੂਪ ਵਿੱਚ ਨਿਭਾਈ ਜਾਣੀ ਪੁਸ਼ਟ ਹੋ ਜਾਂਦੀ ਹੈ। ਸਿੰਘ ਸਾਹਿਬਾਨ ਦੀ ਪਦਵੀ ਮੂਲ ਰੂਪ ਵਿੱਚ ਪੰਜ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ ਹੀ ਪ੍ਰਾਪਤ ਹੈ। ਪਰ ਜਿਵੇਂ ਗੁਰੂ ਖਾਲਸਾ ਪੰਥ ਨੇ ਪੰਜ ਸਿੰਘ ਸਾਹਿਬਾਨ ਨੂੰ ਪ੍ਰਤੀਨਿਧ ਪ੍ਰਵਾਨ ਕੀਤਾ ਹੋਇਆ ਹੈ, ਉਵੇਂ ਹੀ ਪੰਜ ਸਿੰਘ ਸਾਹਿਬਾਨ ਮਰਯਾਦਾ ਵਿੱਚ

5. ਰਹਿਤਨਾਮਾ, ਭਾਈ ਪ੍ਰਹਿਲਾਦ ਸਿੰਘ
6. ਰਹਿਤਨਾਮਾ, ਭਾਈ ਚੌਪਾ ਸਿੰਘ

ਨਿਪੁੰਨ ਪੰਜ ਸਿੰਘਾਂ ਨੂੰ ਪੰਜ ਪਿਆਰਿਆਂ ਵਜੋਂ ਮਾਨਤਾ ਦੇ ਸਕਦੇ ਹਨ। ਮੂਲ ਰੂਪ ਵਿੱਚ ਇਹ ਅੰਮ੍ਰਿਤ ਛਕਾਉਣ ਵਾਸਤੇ ਹੀ ਕੀਤੇ ਜਾਣ ਦੀ ਆਗਿਆ ਸੀ। ਪਰ ਹੌਲੀ-ਹੌਲੀ ਇਸ ਮਾਨਤਾ ਨੂੰ ਅਧਿਕਾਰ ਵਜੋਂ ਵਰਤੇ ਜਾਣ ਦੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ। ਜ਼ਿੰਮੇਵਾਰੀ ਨੂੰ ਅਧਿਕਾਰ ਸਮਝ ਲੈਣ ਨਾਲ ਸਿੰਘ ਸਾਹਿਬ ਦੀ ਸੰਗਯਾ ਦਾ ਵੀ ਪ੍ਰਸੰਗ ਵਿਗੜ ਗਿਆ ਹੈ। ਇਸ ਵਿਗਾੜ ਦੇ ਨਤੀਜੇ ਵਜੋਂ ਸਿੰਘ ਸਾਹਿਬਾਨ ਕਈ ਵਾਰ ਵਿਵਾਦਾਂ ਦੇ ਘੇਰੇ ਵਿੱਚ ਆ ਜਾਂਦੇ ਹਨ।

ਸਿੱਖ ਸਾਹਿਬਾਨ ਦੀ ਸੰਸਥਾ ਈਸਾਈਅਤ ਦੀ ਪੋਪ-ਸੰਸਥਾ ਜਾਂ ਇਸਲਾਮ ਦੀ ਖਲੀਫਾ ਸੰਸਥਾ ਨਾਲੋਂ ਬਿਲਕੁਲ ਵੱਖਰੀ ਹੈ। ਇਨ੍ਹਾਂ ਦੋਹਾਂ ਸਾਮੀ ਸੰਸਥਾਵਾਂ ਵਿੱਚ ਅਧਿਕਾਰ ਮੂਲਕ ਪ੍ਰਤੀਨਿਧਤਾ ਪ੍ਰਾਪਤ ਹੈ ਜਦੋਂ ਕਿ ਸਿੰਘ ਸਾਹਿਬਾਨ ਨੂੰ ਕਰਤੱਵ ਮੁਲਕ ਨੈਤਿਕਤਾ ਦੇ ਬੰਧਨਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਇਸ ਤੋਂ ਬਿਨਾਂ ਸਾਮੀ ਅਧਿਆਤਮਿਕਤਾ ਵਿੱਚ ਕਰਾਮਾਤ ਨੂੰ ਕੇਂਦਰੀਅਤਾ ਪ੍ਰਾਪਤ ਹੈ, ਜਦੋਂ ਕਿ ਸਿੱਖ ਅਧਿਆਤਮਿਕਤਾ ਵਿੱਚ ਯੋਗਤਾਮੂਲਕ ਅਮਲ ਨੂੰ ਪ੍ਰਥਮਤਾ ਪ੍ਰਦਾਨ ਕੀਤੀ ਗਈ ਹੈ। ਸਿੰਘ ਨੇ ਰਹਿਤਵਾਨ ਹੋ ਕੇ ਗੁਰੂ ਦੇ ਪ੍ਰਤੀਨਿਧ ਵਜੋਂ ਵਿਚਰਦਿਆਂ, ਇਹ ਯਾਦ ਰੱਖਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਸਿੱਖ ਨੂੰ ਸਿੰਘ ਕਰ ਦਿੱਤਾ ਸੀ।[7] ਗੁਰੂ ਦੀ ਇਸ ਮਿਹਰ ਦਾ ਕਰਜ਼ ਸਿੰਘ ਨੇ ਰਹਿਤਵਾਨ ਹੋ ਕੇ ਲਗਾਤਾਰ ਚੁਕਾਉਂਦੇ ਰਹਿਣਾ ਹੈ। ਇਹ "ਰਹਿਤ ਪਿਆਰੀ ਮੁਝ ਕੋ" ਦਾ ਪ੍ਰਸੰਗ ਹੈ। ਏਸੇ ਕਰਕੇ ਸਿੰਘਾਂ ਦਾ ਸਮੂਹ ਕੌਮੀਅਤ ਹੈ ਅਤੇ ਸਿੰਘ ਨੂੰ ਸਿੱਖ ਹੋ ਜਾਣ ਦੀ ਆਗਿਆ ਨਹੀਂ ਹੈ। ਪਿੱਛੇ ਨੂੰ ਮੁੜਨ ਦਾ ਇਹ ਰਸਤਾ (relapsing journey) ਸਿੱਖ ਸਮਾਜ ਨੂੰ ਪਤਿਤਪੁਣੇ ਵੱਲ ਧੱਕ ਰਿਹਾ ਹੈ। ਸਿੰਘ ਸਾਹਿਬਾਨ ਦੀ ਸੰਸਥਾ ਲਈ ਇਹ ਮੁੱਖ ਧਾਰਮਿਕ ਵੰਗਾਰ ਹੈ। ਸਿੱਖ ਵਾਸਤੇ ਕੇਸ ਜ਼ਰੂਰੀ ਮੰਨੇ ਗਏ ਹਨ। ਭਾਈ ਨੰਦ ਲਾਲ ਨੇ ਸਿੱਖ ਅਤੇ ਸਿੰਘ ਵਿਚਕਾਰ ਸਾਂਝੀ ਕੜੀ ਕੇਸਾਂ ਨੂੰ ਪ੍ਰਵਾਨ ਕਰਦਿਆਂ ਸਿੰਘਾਂ ਨੂੰ ਕਕਾਰਧਾਰੀ ਦੱਸਿਆ ਹੋਇਆ ਹੈ ਪਰ ਕੇਸ ਵਿਹੂਣੇ ਸਿੱਖ ਦੀ ਸੰਭਾਵਨਾ ਤੋਂ ਇਨਕਾਰ ਵੀ ਕੀਤਾ ਹੋਇਆ ਹੈ :

> **ਨਿਸ਼ਾਨਿ ਸਿਖੀ ਈਂ ਪੰਜ ਹਰਫ ਕਾਫ ਹਰਗਿਜ਼ ਨ ਬਾਸ਼ਦ, ਈਂ ਪੰਜ ਮੁਆਫ**
> **ਕੜਾ ਕਾਰਦੋ, ਕੱਛ, ਕੰਘਾ ਬਦਾਅ ਬਿਲਾ ਕੇਸ਼ ਹੇਚ ਆਸਤ, ਈਂ ਜੁਮਲਾ ਨਿਸ਼ਾਂ।**

ਸਿੱਖੀ ਨੂੰ ਇਥੇ ਸਿੰਘ ਵਾਸਤੇ ਵਰਤਿਆ ਗਿਆ ਹੈ ਅਤੇ ਸਿੱਖ ਨੂੰ ਸਿੰਘ ਹੋ ਜਾਣ ਲਈ ਕਕਾਰਧਾਰੀ ਹੋਣਾ ਜ਼ਰੂਰੀ ਦੱਸਿਆ ਹੈ। ਕੇਸ ਵਿਹੂਣ ਸਿੱਖ ਵਜੋਂ ਪੰਥਕ ਮਾਨਤਾ ਦੀ ਆਸ ਤਾਂ ਇੱਕ ਪਾਸੇ ਰਹੀ ਸਗੋਂ ਸਿੱਖੀ ਦੇ ਘੇਰੇ ਵਿੱਚ ਮਾਨਤਾ ਦੀ ਗੱਲ ਹੀ ਨਹੀਂ ਕੀਤੀ ਜਾ ਸਕਦੀ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ ਕਕਾਰ ਕੇਵਲ ਮਾਤਰ ਚਿੰਨ੍ਹ ਨਹੀਂ ਹਨ ਕਿਉਂਕਿ ਕਕਾਰ ਧਾਰਨ ਕਰ ਲੈਣ ਨਾਲ ਸੰਤੁਸ਼ਟ ਹੋਣ ਦੀ ਆਗਿਆ ਨਹੀਂ ਹੈ। ਚਿੰਨ੍ਹਾਂ ਦਾ ਧਾਰਮਿਕ ਪ੍ਰਸੰਗ ਜੇ ਵਿਅਕਤੀਗਤ ਹੈ ਤਾਂ ਵੀ ਇਹ ਕਕਾਰ-ਰੰਗਤ ਤੋਂ ਦੂਰ ਰਹਿੰਦਾ ਹੈ। ਸੋ ਚਿੰਨ੍ਹਾਂ ਵਿਅਕਤੀ ਨੂੰ ਮਾਨਤਾ ਤਾਂ ਦੁਆ ਸਕਦੇ ਹਨ, ਪਰ ਸਿੱਖੀ ਦੇ ਮੁਕਤ ਮਾਡਲ ਨੂੰ ਸਾਹਮਣੇ ਨਹੀਂ ਲਿਆ ਸਕਦੇ। ਧਾਰਮਿਕ ਚਿੰਨ੍ਹਾਂ ਦੀ ਪ੍ਰਾਪਤ ਜਾਣਕਾਰੀ ਮੁਤਾਬਿਕ ਇਹ ਵਿਅਕਤੀਗਤ ਸਥਿਤੀ ਵਿੱਚ ਪਹਿਲਾ ਖੜੋਤ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਪਿੱਛੋਂ ਰਵਾਇਤੀ ਰੰਗ ਵਿੱਚ ਧਾਰਮਿਕ ਕੱਟੜਤਾ ਦਾ ਰੂਪ ਧਾਰਨ ਕਰ ਜਾਂਦੇ ਹਨ। ਸਿੱਖ ਧਰਮ ਵਿੱਚ ਵਿਅਕਤੀ ਦੀ ਥਾਂ ਸੰਗਤ ਨੂੰ ਪਹਿਲ ਦਿੱਤੀ ਗਈ ਹੈ। ਪ੍ਰਵਾਨ ਇਹ ਕੀਤਾ ਗਿਆ ਹੈ ਕਿ ਧਰਮ ਨੇ ਵਿਅਕਤੀ-ਸਮੂਹ ਨੂੰ ਇਕਸੁਰ ਕਰਕੇ ਸੰਗਤੀ ਰੂਪ ਵਿੱਚ ਲਿਆਉਣਾ ਹੈ। [8]

---

7. T.L. Wasvani, The Sikh Sanctuary



ਇਸ ਹਾਲਤ ਵਿੱਚ ਚਿੰਨ੍ਹ ਕਕਾਰ ਹੋ ਜਾਂਦੇ ਹਨ। ਚਿੰਨ੍ਹ ਜੇ ਕਕਾਰ ਨਹੀਂ ਹਨ ਤਾਂ ਇਹ ਮਹਿਜ਼ ਧਾਰਮਿਕ ਵਿਖਾਵਾ ਹੋ ਜਾਂਦੇ ਹਨ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਨੇ ਜੰਞੂ ਦੇ ਹਵਾਲੇ ਨਾਲ ਇਹ ਟਿੱਪਣੀ ਕੀਤੀ ਹੋਈ ਹੈ ਕਿ ਧਾਰਮਿਕ ਚਿੰਨ੍ਹ ਜੇ ਖੜੋਤ ਦਾ ਸ਼ਿਕਾਰ ਹੋ ਜਾਣ ਤਾਂ ਉਹ ਮਾਨਸਿਕ ਵਿਗਾੜ ਦੇ ਹੇਤੂ ਹੋ ਜਾਂਦੇ ਹਨ।[9] ਸਿੰਘ ਸਾਹਿਬਾਨ ਇਸ ਅਧਿਆਤਮਿਕ ਮਾਨਸਿਕਤਾ ਦੇ ਜਿਸ ਪ੍ਰਸੰਗ ਵਿੱਚ ਧਾਰਮਿਕ ਰੋਲ ਮਾਡਲ ਹਨ, ਉਸ ਵਿੱਚ ਕਕਾਰਾਂ ਨੂੰ ਕੇਂਦਰੀ ਮਹੱਤਵ ਹਾਸਿਲ ਹੈ। ਦੁਨੀਆਂ ਦੇ ਦਾਨਸ਼ਵਰ ਇਥੇ ਪਹੁੰਚ ਗਏ ਹਨ ਕਿ ਬੰਧਨ ਬੰਨਣ ਵਾਲਾ ਕੋਈ ਵੀ ਮਾਨਵੀ ਕਰਮ, ਤਾਜ਼ਗੀ ਦਾ ਵਿਰੋਧੀ ਹੋ ਜਾਂਦਾ ਹੈ। ਕਕਾਰਾਂ ਰਾਹੀਂ ਤਾਜ਼ਗੀ ਨੂੰ ਕਾਇਮ ਰੱਖਦਿਆਂ ਕਰਤੱਵ ਅਤੇ ਅਧਿਆਤਮਿਕਤਾ ਨੂੰ ਇਕਸੁਰ ਰੱਖਣ ਦਾ ਕੰਮ ਲੈਣ ਦੀ ਧਾਰਮਿਕ ਜੁਗਤਿ ਸਿੱਖ ਧਰਮ ਨੇ ਸਾਹਮਣੇ ਲੈ ਆਉਂਦੀ ਹੈ। ਇਹ ਇਕਾਤਕ ਧਾਰਮਿਕਤਾ ਦੇ ਪ੍ਰਗਟ ਵਿਰੋਧ ਵਿੱਚ, ਅਧਿਆਤਮਕ ਲੋਕਾਚਾਰ ਦੀ ਵਿਜੈ ਲਈ ਜੂਝਣ ਦਾ ਐਲਾਨ ਕਿਹਾ ਜਾ ਸਕਦਾ ਹੈ। ਪ੍ਰੋ. ਪੂਰਨ ਸਿੰਘ ਨੇ ਇਸ ਭਾਵਨਾ ਨੂੰ ਅਧਿਆਤਮਕ ਲੋਕਤੰਤਰ (Spiritual Democracy), ਅਕਾਲੀ ਸੁਭਾਅ ( Unbroken Union with God)ਅਤੇ ਨਿਰਲੇਪ ਸਮਰਪਣ ਆਦਿ ਆਖਿਆ ਹੋਇਆ ਹੈ।[10] ਕਾਰਨ ਇਹ ਦੱਸਿਆ ਹੈ ਕਿ ਅਮਰ ਪ੍ਰੇਮ (Deathless Love) ਨਾਲ ਮੌਤ ਤੱਕ ਦਾ ਭੈਅ ਜਿਵੇਂ ਮੁੱਕ ਸਕਦਾ ਹੈ, ਉਸਦਾ ਸਿੰਘ ਨਾਲੋਂ ਵਧੀਆ ਨਮੂਨਾ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦਾ।[11]

ਵਰਤਮਾਨ ਵਿੱਚ ਸਿੰਘ-ਸਰੋਕਾਰਾਂ ਦੀ ਨਿਸ਼ਾਨਦੇਹੀ ਦਿਨੋ-ਦਿਨ ਮੁਸ਼ਕਲ ਹੁੰਦੀ ਜਾ ਰਹੀ ਹੈ। ਧਰਮ ਨਿਰਪੇਖ ਸਿਆਸੀ ਮਾਹੌਲ ਵਿੱਚ ਸਿੰਘ ਤੱਤਾਂ ਦੇ ਬਲੀਦਾਨ ਵਾਲੀ ਸਿਆਸੀ ਮਾਨਸਿਕਤਾ ਦਾ ਬੋਲਬਾਲਾ ਹੁੰਦਾ ਜਾ ਰਿਹਾ ਹੈ। ਇਸ ਨਾਜ਼ੁਕ ਮੁੱਦੇ ਉੱਤੇ ਸੰਵਾਦ ਵੇਲੇ, ਇਹ ਧਿਆਨ ਰੱਖਣਾ ਪਵੇਗਾ ਕਿ ੧੯੪੭ ਤੋਂ ਪਹਿਲਾ ਪੰਡਤ ਰਾਮਾਬਾਈ (੧੮੫੮-੧੯੨੨) ਨੇ ਈਸਾਈ ਹਿੰਦੂ (Christian Hindu)ਦਾ ਸੰਕਲਪ ਸਾਹਮਣੇ ਲਿਆਂਦਾ ਸੀ। ਇਸ ਭਾਵਨਾ ਤੋਂ ਹਿੰਦੂ ਚੇਤਨਾ ਅੱਜ ਤੱਕ ਵੀ ਆਤੰਕਤ ਹੈ। ਇਸੇ ਹੀ ਤਰਜ਼ ਉਤੇ ਮਲੇਸ਼ੀਆ ਵਿੱਚ ਈਸਾਈ ਸਿੱਖ (Christian Sikh) ਦੀ ਗੱਲ ਚੱਲੀ ਹੋਈ ਹੈ। ਪਹਿਲਾਂ ਹੀ ਪੰਜਾਬ ਵਿੱਚ ਰਾਧਾ ਸਵਾਮੀ ਸਿੱਖ, ਨਿਰੰਕਾਰੀ ਸਿੱਖ ਅਤੇ ਕੂਕੇ ਸਿੱਖ ਨੂੰ ਸਿੰਘ ਦੇ ਤਨਾਉ ਵਿਚ ਪ੍ਰਚੱਲਿਤ ਕਰਨ ਦੀਆਂ ਕੋਸ਼ਿਸ਼ਾਂ ਜ਼ਾਰੀ ਹਨ। ਇੱਥੋਂ ਤਕ ਕਿ ਕਾਂਗਰਸੀ ਸਿੱਖ ਨੂੰ ਰਾਸ਼ਟਰਵਾਦੀ ਸਿੱਖ ਵਜੋਂ ਅਤੇ ਕਾਮਰੇਡ ਸਿੱਖ ਨੂੰ ਅਗਾਂਹਵਧੂ ਸਿੱਖ ਵਜੋਂ ਸਾਹਮਣੇ ਲਿਆਂਦਾ ਜਾ ਰਿਹਾ ਹੈ। ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿੱਚ ਗੁਰੂ ਦੇ ਨਾਮ ਉੱਤੇ ਜਿਉਂਦੇ ਪੰਜਾਬ ਦੀ ਥਾਂ, ਪੰਜਾਬੀਅਤ ਵਾਲੇ ਪੰਜਾਬ ਦੀ ਗੱਲ ਵੀ ਚੱਲੀ ਹੋਈ ਹੈ। ਡੇਰੇਦਾਰੀਆਂ ਦੇ ਨਾਮ ਉੱਤੇ ਅੰਮ੍ਰਿਤ ਛਕਾ ਕੇ ਸੰਤਾਂ ਦੇ ਸਿੱਖ ਵੀ ਪ੍ਰਗਟ ਹੋ ਰਹੇ ਹਨ। ਇਸ ਹਾਲਤ ਵਿੱਚ ਸਿੰਘ-ਸੰਸਥਾ ਨਾਲ ਜੁੜੇ ਹੋਏ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ੁੰਮੇਵਾਰੀ ਤੱਕ ਸੀਮਤ ਕਰਨ ਦੀ ਸਿਆਸਤ ਵੀ ਕੀਤੀ ਜਾ ਰਹੀ ਹੈ। ਸਿਆਸੀ ਪ੍ਰਸੰਗ ਵਿੱਚ ਸਿੰਘ-ਪਛਾਣ ਨੂੰ ਸ਼ੱਕ ਦੀਆਂ ਨਿਗਾਹਾਂ ਨਾਲ ਵੇਖਿਆ ਜਾ ਰਿਹਾ ਹੈ। ਸਿੰਘ-ਪਛਾਣ ਨੂੰ ਹਿੰਦੂਆਂ ਦੀ ਪਹਿਰੇਦਾਰੀ ਤੱਕ ਸੀਮਤ ਕਰਨ ਨਾਲ

---

8. **ਸਤਿਸੰਗਤਿ ਕੈਸੀ ਜਾਣੀਐ॥**
   **ਜਿਥੇ ਏਕੋ ਨਾਮੁ ਵਖਾਣੀਐ॥** (ਸ੍ਰੀ ਗੁਰੂ ਗ੍ਰੰਥ ਸਾਹਿਬ,ਅੰਗ ੭੨)
9. **ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
   **ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੭੧)
10. Prof. Puran Singh, **Spirit of the Sikh**, part-II, Vol. two, p.x.
11. "Never before in Indian history has pure love of death manifested itself so gloriously as in Sikh history" (**Ibid**, p. 200)

ਵੀ ਸਿੱਖੀ ਬਾਰੇ ਭ੍ਰਾਂਤੀਆ ਹੀ ਪੈਦਾ ਹੋਈਆਂ ਹਨ। ਸਿੰਘ-ਪਛਾਣ ਦਾ ਆਧਾਰ ਬਾਣੀ ਮੂਲਕ ਅਧਿਆਤਮਿਕਤਾ ਹੈ। ਪਾਰ-ਰਾਸ਼ਟਰੀ ਪ੍ਰਸੰਗ ਵਿੱਚ ਅਤੇ ਉੱਤਰ-ਆਧੁਨਿਕ ਦ੍ਰਿਸ਼ਟੀ ਤੋਂ, ਸਿੰਘ-ਸੰਸਥਾ ਦੇ ਪ੍ਰਤੀਨਿਧ ਸਿੰਘ ਸਾਹਿਬਾਨ ਹੀ ਹਨ। ਸਿੰਘ ਸਾਹਿਬਾਨ ਨੂੰ ਪੰਜ ਪਿਆਰਿਆਂ ਦੀ ਨਿਰੰਤਰਤਾ ਵਿੱਚ ਹੀ ਗ੍ਰਹਿਣ ਕੀਤਾ ਜਾਣਾ ਚਾਹੀਦਾ ਹੈ। ਤਖ਼ਤ-ਸੰਸਥਾ ਰਾਹੀਂ ਸਿੰਘ-ਸਰੋਕਾਰਾਂ ਨੂੰ ਸੁਰੱਖਿਅਤ ਰੱਖਣ ਦੀ ਜ਼ੁੰਮੇਵਾਰੀ ਨਿਭਾਈ ਜਾਣੀ ਹੈ। ਸਿੱਖ ਭਾਈਚਾਰੇ ਦੀਆਂ ਵਿਸ਼ਵਾਰਥੀ ਅਕਾਂਖਿਆਵਾਂ (Global Aspiration) ਨੂੰ ਅਚੁੱਕ ਸ਼ਬਦ-ਮਾਡਲ (ਸ਼ਬਦ ਗੁਰੂ) ਦੀ ਰੌਸ਼ਨੀ ਵਿੱਚ ਸਿੰਘ ਸਾਹਿਬਾਨ ਦੀ ਸੰਸਥਾ ਰਾਹੀਂ ਨਿਪਟਾਇਆ ਜਾਣਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬੋਤਮਤਾ ਨੂੰ ਇਸੇ ਪ੍ਰਸੰਗ ਵਿੱਚ ਸਮਝਿਆ ਅਤੇ ਸਮਝਾਇਆ ਜਾਣਾ ਚਾਹੀਦਾ ਹੈ। ਇਸ ਰੌਸ਼ਨੀ ਵਿੱਚ ਸਿੱਖ ਮਾਨਸਿਕਤਾ ਅੰਦਰ ਘਰ ਕਰ ਗਏ ਖਾਲਸਾ ਬੋਲੇ "ਛਿਆਨਵੇਂ ਕਰੋੜੀ" ਅਤੇ "ਰਾਜ ਕਰੇਗਾ ਖਾਲਸਾ" ਨੂੰ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਅਜਿਹਾ ਤਦ ਹੀ ਹੋ ਸਕੇਗਾ, ਜੇ ਕੇਵਲ ਮਾਤਰ ਸਤਿਕਾਰ (respected) ਨਾਲ ਸੰਤੁਸ਼ਟ ਹੋ ਜਾਣ ਦੀ ਥਾਂ, ਇਸ ਨੂੰ ਸਿੱਖ ਅਮਲ (followed) ਵਿੱਚੋਂ ਪ੍ਰਗਟ ਕੀਤਾ ਜਵੇਗਾ। ਇਸ ਵਾਸਤੇ ਬਾਹਰੋਂ ਵੰਗਾਰ ਅਧਾਰਮਿਕ ਗਠਜੋੜ (Godless Combination) ਦੀ ਹੈ ਅਤੇ ਅੰਦਰੋਂ ਖਤਰਾ ਮੁਦਰਾ ਧਾਰਮਿਕ ਮਾਨਸਿਕਤਾ (dead spiritual temper) ਦੇ ਰੂਪ ਵਿੱਚ ਕਾਇਮ ਹੈ। ਇਸ ਹਾਲਤ ਵਿੱਚ ਸੰਗਤੀ ਚੇਤਨਾ ਨੂੰ ਸਿੰਘ ਸਾਹਿਬਾਨ ਦੀ ਸੰਸਥਾ ਰਾਹੀਂ ਤਖ਼ਤ-ਸੰਸਥਾਵਾਂ ਤੋਂ ਮੁਹਿੰਮ ਵਾਂਗ ਚਲਾਏ ਜਾਣ ਦੀ ਲੋੜ ਸਾਹਮਣੇ ਆ ਗਈ ਹੈ। ਜਿਵੇਂ ਕਾਰਸੇਵਾ ਧੰਦਾ ਹੋ ਗਈ ਹੈ, ਉਵੇਂ ਹੀ ਚੇਤਨਾ ਲਹਿਰ, ਧਰਮ ਪ੍ਰਚਾਰ ਗਤੀਵਿਧੀਆਂ ਅਤੇ ਗੁਰਮਤਿ ਸਾਹਿਤ ਨੂੰ ਛਾਪਣ ਦੀ ਮੁਹਿੰਮ ਨੂੰ ਵੀ ਧੰਦੇ ਵਾਂਗ ਹੀ ਨਿਭਾਇਆ ਜਾ ਰਿਹਾ ਹੈ। ਧੰਦੇ ਨੂੰ ਜੇ ਪਵਿੱਤਰਤਾ ਵਿੱਚ ਵਲੇਟਕੇ, ਮਿਥੀ ਹੋਈ ਮੰਤਵ ਸਿੱਧੀ ਲਈ ਵਰਤਿਆ ਜਾਵੇ ਤਾਂ ਸਿੱਟੇ ਅਸਿਹਤਮੰਦ ਹੀ ਨਿਕਲਦੇ ਹਨ। ਸਿੱਖ ਸੰਸਥਾਵਾਂ ਵਰਤਮਾਨ ਵਿੱਚ ਇਸਦੇ ਸਨਮੁੱਖ ਹਨ। ਪਵਿੱਤਰਤਾ ਦਾ ਵੀ ਵਿਉਪਾਰੀਕਰਨ ਕਰ ਦਿੱਤਾ ਜਾਵੇ ਤਾਂ ਪਵਿੱਤਰ ਅਤੇ ਮੂਲ ਸੰਸਥਾਵਾਂ ਵੀ ਇੱਕ ਦੂਜੇ ਦੇ ਪੂਰਕ ਹੋਣ ਦੀ ਥਾਂ, ਇੱਕ ਦੂਜੇ ਦੇ ਤਨਾਉ ਵਿੱਚ ਆ ਜਾਂਦੀਆਂ ਹਨ। ਇਸ ਲਈ ਤਖ਼ਤ, ਪੰਜ ਪਿਆਰੇ ਅਤੇ ਸਿੰਘ ਸਾਹਿਬਾਨ ਨੂੰ ਸਿਧਾਂਤਕ ਅਤੇ ਅਧਿਆਤਮਕ ਪ੍ਰਸੰਗ ਵਿੱਚ ਇੱਕ ਦੂਜੇ ਤੋਂ ਨਿਖੇੜ ਕੇ ਵੇਖੇ ਜਾਣ ਦੀ ਲੋੜ ਨਹੀਂ ਹੈ। ਇਨ੍ਹਾਂ ਦੇ ਪਰਤ-ਪ੍ਰਕਾਸ਼ਨ ਦੀ ਥਾਂ ਇਨ੍ਹਾਂ ਦੇ ਸਮਤੋਲ ਪ੍ਰਕਾਸ਼ਨ ਵੱਲ ਹੀ ਧਿਆਨ ਦੇਣਾ ਚਾਹੀਦਾ ਹੈ। ਜੋ ਇਸ ਨਾਜ਼ੁਕ ਸਰੋਕਾਰ ਬਾਰੇ ਚੇਤੰਨ ਨਹੀਂ ਹੈ, ਉਹ ਇਸ ਬਾਰੇ ਭੂਮਿਕਾ ਨਹੀਂ ਨਿਭਾ ਸਕਦਾ। ਸੋ ਇਨ੍ਹਾਂ ਤਿੰਨਾਂ ਦੇ ਇਕਸੁਰ ਅਤੇ ਪੂਰਕ ਵਿਕਾਸ ਨੂੰ ਹੀ ਸਿੱਖ ਧਰਮ ਚਿੰਤਨ ਵਿੱਚ ਮਾਨਤਾ ਪ੍ਰਾਪਤ ਹੈ ਅਤੇ ਇਸੇ ਨੂੰ ਧਿਆਨ ਵਿੱਚ ਰੱਖ ਕੇ ਯੋਜਨਾਵਾਂ ਨੂੰ ਅਮਲ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

◆ ◆ ◆ ◆ ◆ ◆



# ਗੁਰਮਤਿ ਸੰਗੀਤ ਵਿਚ-ਧਰੁਪਦ ਗਾਇਕੀ ਦਾ ਯੋਗਦਾਨ

* ਡਾ. ਦਰਸ਼ਨ ਸਿੰਘ ਨਰੂਲਾ

ਇਸ ਖੋਜ ਨਿਬੰਧ ਦੇ ਤਿੰਨ ਭਾਗ ਬਣਦੇ ਹਨ:

➢ਗੁਰਮਤਿ-ਸੰਗੀਤ ਕੀ ਹੈ?

➢ਧਰੁਪਦ-ਗਾਇਨ ਕੀ ਹੈ?

➢ਧਰੁਪਦ-ਗਾਇਕੀ ਤੇ ਗਾਇਕਾਂ ਦਾ ਯੋਗਦਾਨ ਕੀ ਹੈ?

ਸਪੱਸ਼ਟ ਹੈ ਕਿ ਪ੍ਰਮੁੱਖ ਵਿਸ਼ਾ ਗੁਰਮਤਿ-ਸੰਗੀਤ ਹੈ। ਸੰਖੇਪ ਪਰਿਭਾਸ਼ਾ ਇਹ ਹੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਰਚਨਾਵਾਂ ਨੂੰ-ਨਿਰਧਾਰਿਤ (ਨਿਸਚਿਤ) ਰਾਗਾਂ ਵਿਚ, *'ਵਿਧੀ-ਪੂਰਵਕ'* ਢੰਗ ਨਾਲ ਗਾਇਨ ਕਰਨ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਇਹ ਇਕ ਵੱਖਰਾ ਵਿਸ਼ਾ ਤੇ ਵੱਖਰੀ ਸ਼ੈਲੀ ਹੈ।

ਦੂਜੇ ਨੰਬਰ ਤੋਂ ਧਰੁਪਦ-ਗਾਇਕੀ ਦੀ ਸੰਖੇਪ ਪਰਿਭਾਸ਼ਾ ਇਹ ਹੈ ਕਿ-ਪ੍ਰਾਚੀਨ ਕਾਲ ਵਿਚ, *'ਰਿਸ਼ੀ-ਮੁਨੀ'* ਪ੍ਰਭੂ ਦੀ ਅਰਾਧਨਾ, *ਸੰਸਕ੍ਰਿਤ-ਸਲੋਕਾਂ/ ਅਸ਼ਟਪਦਾਂ* ਰਾਹੀਂ, ਧਰੁਪਦ ਗੀਤਾਂ ਦੇ ਗਾਇਨ ਰਾਹੀਂ ਕਰਦੇ ਸਨ। ਇਹ ਗੀਤ ਚਾਰ ਭਾਗਾਂ ਵਿਚ ਗਾਇਆ ਜਾਂਦਾ ਸੀ। ਜਿਵੇਂ:- 1. ਸਥਾਈ, 2. ਅੰਤਰਾ, 3. ਸੰਚਾਰੀ, 4. ਅਭੋਗ। ਗੁਰਮਤਿ ਸੰਗੀਤ ਦੀ ਗਾਇਕੀ ਵਿਚ, ਧਰੁਪਦ-ਗਾਇਕੀ ਦਾ *'ਸਥਾਨ ਤੇ ਯੋਗਦਾਨ'* ਦੀ ਵਿਆਖਿਆ, ਇਸ ਦਾ ਵਿਸਥਾਰਪੂਰਵਕ ਅਧਿਐਨ ਕਰਕੇ, ਨਿਰਧਾਰਿਤ ਕੀਤਾ ਜਾ ਸਕਦਾ ਹੈ।

## 1. ਧਰੁਪਦ ਦੀ ਰੂਪ-ਰੇਖਾ

ਵਰਤਮਾਨ ਕਾਲ ਵਿਚ ਵੀ, *'ਧਰੁਪਦ'* ਇਕ ਵਿਸ਼ਾਲ ਜ਼ੋਰਦਾਰ ਤੇ ਗੰਭੀਰ ਕਿਸਮ ਦਾ ਗੀਤ-ਗਾਇਨ ਮੰਨਿਆ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰੁਪਦ ਦਾ ਅਵਿਸ਼ਕਾਰ ਪ੍ਰਾਚੀਨ ਕਾਲ ਦੇ ਪ੍ਰਬੰਧ ਗਾਇਨ ਤੋਂ ਹੋਇਆ ਸੀ ਪ੍ਰੰਤੂ ਇਸ ਦੀ *ਲੋਕਪ੍ਰਿਅਤਾ ਦਾ ਕਾਲ*-15ਵੀਂ ਸਦੀ ਤੋਂ 18ਵੀਂ ਸਦੀ ਤਕ ਹੋਇਆ ਸੀ, ਹਿੰਦੋਸਤਾਨੀ ਸੰਗੀਤ ਇਤਿਹਾਸ ਦੇ ਆਧੁਨਿਕ-ਕਾਲ ਵਿਚ, ਧਰੁਪਦ ਦੀ ਲੋਕਪ੍ਰਿਅਤਾ ਕੇਵਲ ਨਾਂ-ਮਾਤਰ ਹੀ ਹੈ।

## 2. ਗੁਰਮਤਿ-ਸੰਗੀਤ

ਗੁਰਮਤਿ-ਸੰਗੀਤ ਦੇ ਖੇਤਰ ਵਿਚ ਅੱਜ ਵੀ ਧਰੁਪਦ-ਗਾਇਕੀ ਨੂੰ ਵਿਸ਼ੇਸ਼-ਸਥਾਨ ਹਾਸਲ ਹੈ ਤੇ ਵਰਤਮਾਨ - *'ਰਾਗੀ ਜਥੇ'* ਕੀਰਤਨ ਦੀ ਆਰੰਭਤਾ *'ਧਰੁਪਦ-ਚਾਰਤਾਲ'* ਨਾਲ ਹੀ ਕਰਦੇ ਹਨ। ਕੇਵਲ -*'ਡੰਡਉਤ ਬੰਦਨਾ'* (ਵਿਲੰਬਤ-ਏਕਤਾਲ) ਵਿਚ ਗਾਉਂਦੇ ਹਨ।

ਗੁਰਮਤਿ-ਸੰਗੀਤ ਪਰੰਪਰਾ ਵਿਚ ਧਰੁਪਦ-ਗਾਇਕੀ ਦੇ ਲਈ ਚਾਰਤਾਲ, ਸੂਲਤਾਲ, ਬ੍ਰਹਮਤਾਲ, ਰੁਦਰਤਾਲ, ਝੰਪਾਤਾਲ, ਤੇਵਰਾ ਤਾਲ ਆਦਿ ਪ੍ਰਯੋਗ ਕੀਤੇ ਜਾਂਦੇ ਹਨ। ਧਰੁਪਦ ਗਾਇਕੀ ਦਾ *'ਤਕਨੀਕੀ-ਪੱਖ'* ਇਹ ਹੈ ਕਿ, *'ਧਰੁਵ+ਪਦ'* ਤੋਂ, ਧਰੁਪਦ ਸ਼ਬਦ ਦੀ ਰਚਨਾ ਹੋਈ ਹੈ ਜਿਸਦਾ ਅਰਥ ਹੈ: "ਇਕ *ਨਿਸਚਿਤ ਪਦ*, ਜੋ ਨਿਸਚਿਤ *'ਸੁਰ-ਰਚਨਾ'* (ਬੰਦਿਸ਼)

* ਵਿਜ਼ਿਟਿੰਗ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਸਾਬਕਾ ਮੁਖੀ - ਸੰਗੀਤ ਵਿਭਾਗ, ਡੀ.ਏ.ਵੀ. ਕਾਲਜ, ਮਲੌਟ ਖੰਨਾ-152107

ਵਿਚ, ਵਿਸ਼ੇਸ਼ ਪ੍ਰਕਾਰ ਦੇ *ਨਿਸਚਿਤ ਤਾਲਾਂ ਵਿਚ*, ਗਾਇਆ ਜਾਵੇ ਉਸ ਨੂੰ '*ਧਰੁਪਦ*' ਕਿਹਾ ਜਾਂਦਾ ਹੈ। ਪ੍ਰਾਚੀਨ ਤੇ ਮੱਧਕਾਲ ਵਿਚ ਇਹ ਮਰਦਾਨਾ-ਗਾਇਕੀ ਸੀ ਪ੍ਰੰਤੂ ਅੱਜ ਕੱਲ੍ਹ ਇਸਤ੍ਰੀਆਂ ਵੀ, ਇਸ ਵਿਚ ਮੁਹਾਰਤ ਰੱਖਦੀਆਂ ਹਨ। ਇਸ ਤੋਂ ਪਹਿਲਾਂ ਧਰੁਪਦ ਦਾ ਆਲਾਪ ਕੀਤਾ ਜਾਂਦਾ ਹੈ ਜਿਸ ਨੂੰ **'ਨੋਮ-ਤੋਮ'** ਦਾ ਆਲਾਪ ਕਿਹਾ ਜਾਂਦਾ ਹੈ।[1]

ਗੁਰਮਤਿ ਸੰਗੀਤ ਵਿਚ, ਇਸ ਦਾ ਆਲਾਪ: ੴ (ਓਅੰਕਾਰ) ਤੇ 'ਡੰਡਉਤ-ਬੰਦਨ' ਜਾਂ 'ਸਤਿਨਾਮ-ਵਾਹਿਗੁਰੂ' ਆਦਿ ਸ਼ਬਦਾਂ ਦੇ *ਅੱਖਰਾਂ* ਦੁਆਰਾ ਵੀ ਕੀਤਾ ਜਾਂਦਾ ਹੈ। **'ਨੋਮ-ਤੋਮ'** ਵਰਗੇ ਨਿਰਾਰਥਕ-ਅੱਖਰਾਂ ਦੀ ਬਜਾਏ **'ਪ੍ਰਭੂ ਦੇ ਵੱਖ-ਵੱਖ ਨਾਮ'** ਵੀ, ਕਈ ਗਾਇਕ ਵਰਤਦੇ ਹਨ ਕਿਉਂਕਿ ਸਾਰਥਕ-ਸ਼ਬਦਾਂ ਦਾ ਕੋਈ ਅਰਥ ਹੁੰਦਾ ਹੈ। ਨਿਰਾਰਥਕ-ਸ਼ਬਦਾਂ ਦਾ ਕੋਈ ਅਰਥ ਨਹੀਂ ਹੁੰਦਾ। ਕੇਵਲ ਆS ਆS ਕਰਕੇ, ਆਲਾਪ ਤੋਂ ਵੀ, ਸਰੋਤੇ ਊਬ (ਉਕਤਾ) ਜਾਂਦੇ ਹਨ, ਇਸੇ ਕਰਕੇ ਗੁਰਮਤਿ-ਸੰਗੀਤ ਵਿਚ, 'ਬੋਲ-ਆਲਾਪ' ਤੇ 'ਬੋਲਤਾਨਾਂ' ਦਾ ਜ਼ਿਆਦਾ ਮਹੱਤਵ ਹੈ। ਸਰਗਮ ਨੂੰ ਵੀ ਘੱਟ ਤਰਜੀਹ ਦਿਤੀ ਜਾਂਦੀ ਹੈ। ਧਰੁਪਦ ਦੇ 'ਤਾਲ-ਬੱਧ' ਰੂਪ ਵਿਚ ਆਲਾਪ-ਤਾਨ ਆਦਿ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ।

## 3. ਗੁਰਮਤਿ-ਸੰਗੀਤ ਦੇ ਰਾਗ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ (ਵਿਸ਼ਾ ਸੂਚੀ) Index ਵਿਚ, ਪ੍ਰਮੁੱਖ-31 ਰਾਗਾਂ ਦਾ ਨਾਮ ਅੰਕਿਤ ਹੈ। ਅੰਦਰ ਬਾਣੀ ਦੀ ਤਰਤੀਬ ਅਨੁਸਾਰ ਤੇ ਸੰਪਾਦਕੀ-ਪ੍ਰਬੰਧ ਅਨੁਸਾਰ, ਪ੍ਰਮੁੱਖ-ਰਾਗਾਂ ਦੇ: 31-ਉਪ-ਰਾਗਾਂ (ਰਾਗ-ਪ੍ਰਕਾਰ) ਦੇ ਸਿਰਲੇਖ ਵੀ ਹਨ। ਇਸ ਲਈ ਇਥੇ 31-ਪ੍ਰਮੁੱਖ ਰਾਗ + 31-ਰਾਗ ਪ੍ਰਕਾਰ, ਕੁੱਲ = 62 ਰਾਗਾਂ ਦੇ ਨਾਮ-ਪੰਨਾ ਨੰ: ਅਨੁਸਾਰ ਦਿਤੇ ਹਨ, ਰਾਗਾਂ-ਅਧੀਨ ਸਾਰੀ-ਬਾਣੀ ਦਾ ਹੀ ਕੀਰਤਨ ਕੀਤਾ ਜਾਂਦਾ ਹੈ, ਜਿਸ ਨੂੰ **'ਗੁਰਮਤਿ-ਸੰਗੀਤ'** ਕਿਹਾ ਜਾਂਦਾ ਹੈ। ਪ੍ਰਮੁੱਖ ਰਾਗ:

| | ਰਾਗ | ਪੰਨਾ | | ਰਾਗ | ਪੰਨਾ |
|---|---|---|---|---|---|
| 1 | ਸਿਰੀ | 14 | 16 | ਬਿਲਾਵਲ | 794 |
| 2 | ਮਾਝ | 94 | 17 | ਗੋਂਡ | 859 |
| 3 | ਗਉੜੀ | 151 | 18 | ਰਾਮਕਲੀ | 876 |
| 4 | ਆਸਾ | 347 | 19 | ਨਟ ਨਾਰਾਇਣ | 975 |
| 5 | ਗੂਜਰੀ | 489 | 20 | ਮਾਲੀ ਗਉੜਾ | 984 |
| 6 | ਦੇਵਗੰਧਾਰੀ | 527 | 21 | ਮਾਰੂ | 981 |
| 7 | ਬਿਹਾਗੜਾ | 537 | 22 | ਤੁਖਾਰੀ | 1107 |
| 8 | ਵਡਹੰਸ | 557 | 23 | ਕੇਦਾਰਾ | 1118 |
| 9 | ਸੋਰਠਿ | 595 | 24 | ਭੈਰਉ | 1125 |
| 10 | ਧਨਾਸਰੀ | 13(660) | 25 | ਬਸੰਤ | 1168 |
| 11 | ਜੈਤਸਰੀ | 696 | 26 | ਸਾਰੰਗ | 1197 |
| 12 | ਟੋਡੀ | 711 | 27 | ਮਲਾਰ | 1154 |
| 13 | ਬੈਰਾੜੀ | 719 | 28 | ਕਾਨੜਾ | 1294 |
| 14 | ਤਿਲੰਗ | 721 | 29 | ਕਲਿਆਣ | 1319 |
| 15 | ਸੂਹੀ | 728 | 30 | ਪ੍ਰਭਾਤੀ | 1327 |



| | ਰਾਗ | ਪੰਨਾ |
|---|---|---|
| 31 | ਜੈਜਾਵੰਤੀ | 1352 |

***ਕੁਲ ਰਾਗ 31***

| | | | |
|---|---|---|---|
| ਸਵੈਯੇ | 1385 | ਰਾਗਮਾਲਾ | 1429 |

| | ਉੱਪ-ਰਾਗ ਪ੍ਰਕਾਰ | ਪੰਨਾ | | ਉੱਪ-ਰਾਗ ਪ੍ਰਕਾਰ | ਪੰਨਾ |
|---|---|---|---|---|---|
| 1 | ਗਉੜੀ ਗੁਆਰੇਰੀ | 151 | 16 | ਵਡਹੰਸ ਦੱਖਣੀ | 580 |
| 2 | ਗਉੜੀ ਦੱਖਣੀ | 152 | 17 | ਤਿਲੰਗ ਕਾਫੀ | 726 |
| 3 | ਗਉੜੀ ਚੇਤੀ | 154 | 18 | ਸੂਹੀ ਕਾਫੀ | 733 |
| 4 | ਗਉੜੀ ਬੈਰਾਗਣਿ | 156 | 19 | ਸੂਹੀ ਲਲਿਤ | 793 |
| 5 | ਗਉੜੀ ਦੀਪਕੀ | 12 | 20 | ਬਿਲਾਵਲ ਦੱਖਣੀ | 843 |
| 6 | ਗਉੜੀ ਪੂਰਬੀ ਦੀਪਕੀ | 157 | 21 | ਬਿਲਾਵਲ ਗੋਂਡ | 874 |
| 7 | ਗਉੜੀ ਪੂਰਬੀ | 242 | 22 | ਬਿਲਾਵਲ ਮੰਗਲ | 844 |
| 8 | ਗਉੜੀ ਮਾਝ | 172 | 23 | ਰਾਮਕਲੀ ਦੱਖਣੀ | 907 |
| 9 | ਗਉੜੀ ਮਾਲਵਾ | 214 | 24 | ਰਾਗ-ਨਟ | 975 |
| 10 | ਗਉੜੀ ਮਾਲਾ | | 25 | ਮਾਰੂ ਕਾਫੀ | 1014 |
| 11 | ਗੁਉੜੀ ਸੋਰਠਿ | 330 | 26 | ਮਾਰੂ ਦੱਖਣੀ | 1033 |
| 12 | ਆਸਾ ਕਾਫੀ | 365 | 27 | ਬਸੰਤ ਹਿੰਡੋਲ | 1171 |
| 13 | ਆਸਾਵਰੀ | 409 | 28 | ਕਲਿਆਣ ਭੋਪਾਲੀ | 1321 |
| 14 | ਆਸਾਵਰੀ ਸੁਗੰਧ | 369 | 29 | ਪ੍ਰਭਾਤੀ ਵਿਭਾਸ | 1327 |
| 15 | ਦੇਵਗੰਧਾਰ | 531 | 30 | ਬਿਭਾਸ ਪ੍ਰਭਾਤੀ | 1347 |
| | | | 31 | ਪ੍ਰਭਾਤੀ ਦੱਖਣੀ | 1348 |

***ਕੁਲ ਉੱਪ-ਰਾਗ ਪ੍ਰਕਾਰ 31***

**ਨੋਟ ਸ੍ਰੀ ਗੁਰੂ ਗ੍ਰੰਥ ਸਾਹਿਬ, ਤਤਕਰਾ ਅਤੇ ਅੰਦਰਲੀ ਤਰਤੀਬ ਅੰਗ (14 ਤੋਂ 1430) ਤੱਕ**

## 4. ਧਰੁਪਦ ਗਾਇਨ ਗਾਇਕੀ [1]

ਵਰਤਮਾਨ ਕਾਲ ਵਿਚ ਵੀ 'ਧਰੁਪਦ' ਇਕ ਗੰਭੀਰ ਗਾਇਨ ਸ਼ੈਲੀ ਮੰਨੀ ਜਾਂਦੀ ਹੈ। ਅੱਜਕਲ੍ਹ ਇਸ ਵਿਚ ਸਥਾਈ ਤੇ ਅੰਤਰਾ ਦੋ ਭਾਗ ਹੀ ਗਾਏ ਜਾਂਦੇ ਹਨ- ਸਥਾਈ ਤੇ ਅੰਤਰਾ ਆਦਿ। ਇਹ ਗੀਤ ਜ਼ਿਆਦਾ ਕਰਕੇ ਸੰਸਕ੍ਰਿਤ, ਹਿੰਦੀ, ਬ੍ਰਿਜਭਾਸ਼ਾ, ਉਰਦੂ ਅਤੇ ਪੰਜਾਬੀ ਭਾਸ਼ਾ ਵਿਚ ਵੀ ਉਪਲਬਧ ਹਨ। ਧਰੁਪਦ-ਗਾਇਕੀ ਦੀ ਸੰਗਤ ਮ੍ਰਿਦੰਗ ਜਾਂ ਪਖਾਵਜ ਨਾਲ ਕੀਤੀ ਜਾਂਦੀ ਸੀ ਪ੍ਰੰਤੂ ਅੱਜਕਲ੍ਹ ਇਸ ਦੀ ਸੰਗਤ 'ਤਬਲੇ' ਨਾਲ ਕੀਤੀ ਜਾਂਦੀ ਹੈ। ਧਰੁਪਦ ਦੀ ਗੰਭੀਰਤਾ ਅਨੁਸਾਰ ਤਬਲੇ ਉੱਪਰ ਵੀ ਪੰਜਾਬੀ ਬਾਜ ਅਨੁਸਾਰ, 'ਖੁੱਲ੍ਹੇ-ਬੋਲ' ਵਜਾਏ ਜਾਂਦੇ ਹਨ। [2]

1 ਸੰਗੀਤ ਵਿਸ਼ਾਰਦ (ਹਾਥਰਸ ਪ੍ਰਕਾਸ਼ਨ) 1970, ਪੰਨਾ-41, 71, 103
2 ਆਚਾਰੀਆ ਬ੍ਰਹਸਪਤੀ, ਭਾਰਤ ਕਾ ਸੰਗੀਤ ਸਿਧਾਂਤ, ਪੰਨਾ-30

## 5. ਘਰਾਣੇ

ਧਰੁਪਦ ਗਾਇਕਾਂ ਦੇ ਵੀ ਘਰਾਣੇ ਹੁੰਦੇ ਸਨ ਜੋ ਵੱਖ-ਵੱਖ ਸ਼ੈਲੀਆਂ ਅਤੇ ਉਨ੍ਹਾਂ ਦੇ ਆਰੰਭ ਕਰਤਾ ਕਲਾਕਾਰਾਂ ਦੇ ਨਿਵਾਸ ਸਥਾਨ ਨਾਲ ਸੰਬੰਧਿਤ ਸਨ। ਇਨ੍ਹਾਂ ਦੀਆਂ ਸ਼ੈਲੀਆਂ ਨੂੰ 'ਵਾਨੀ' ਜਾਂ ਬਾਨੀ ਕਿਹਾ ਜਾਂਦਾ ਹੈ। ਜਿਵੇਂ : ਅਕਬਰ ਬਾਦਸ਼ਾਹ ਦੇ ਦਰਬਾਰ ਵਿੱਚ ਚਾਰ ਮਹਾਗੁਣੀ ਕਲਾਕਾਰ ਸਨ। ਤਾਨਸੇਨ, ਬ੍ਰਿਜਚੰਦ ਬ੍ਰਾਹਮਣ (ਡਾਗੁਰ ਪਿੰਡ ਦਾ ਨਿਵਾਸੀ) ਸ੍ਰੀ ਚੰਦ ਰਾਜਪੂਤ (ਨੌਹਾਰ ਨਿਵਾਸੀ) ਤਾਨਸੇਨ ਗੌੜ ਬ੍ਰਾਹਮਣ ਸੀ ਇਸ ਲਈ ਉਸ ਦੀ ਸ਼ੈਲੀ ਦਾ ਨਾਮ – ਗੌੜੀਯਾ ਜਾਂ ਗੋਬਹਾਰੀ ਪੈ ਗਿਆ। ਪ੍ਰਸਿੱਧ ਵੀਣਕਾਰ ਸਮੋਖਨ ਸਿੰਘ ਦੀ ਸ਼ਾਦੀ ਤਾਨਸੇਨ ਦੀ ਲੜਕੀ ਨਾਲ ਹੋਈ ਸੀ। ਸ਼ਾਦੀ ਉਪਰੰਤ ਉਸਦਾ ਨਾਮ ਨੌਬਾਦ ਖਾਂ ਹੋ ਗਿਆ। ਨੌਬਾਦ ਖਾਂ ਦਾ ਨਿਵਾਸ ਸਥਾਨ ਖੰਡਹਰ ਪਿੰਡ ਸੀ, ਸੋ ਉਸਦੀ ਸ਼ੈਲੀ ਦਾ ਨਾਮ-ਖੰਡਹਰ ਪੈ ਗਿਆ। ਬ੍ਰਿਜ ਚੰਦ੍ਰ ਦੇ ਨਿਵਾਸ ਸਥਾਨ ਅਨੁਸਾਰ ਉਸਦੀ ਵਾਨੀ ਦਾ ਨਾਮ, ਡਾਗੁਰਵਾਣੀ ਅਤੇ ਸ੍ਰੀ ਚੰਦ ਨੌਹਾਰ ਨਿਵਾਸੀ ਹੋਣ ਕਾਰਨ ਉਸ ਦਾ ਨਾਮ ਨੌਹਾਰ-ਵਾਨੀ ਦੇ ਨਾਮ ਨਾਲ ਪ੍ਰਸਿੱਧ ਹੋਇਆ।[3] ਇਨ੍ਹਾਂ ਵਾਨੀਆਂ ਬਾਰੇ ਕਈ ਵਿਦਵਾਨਾਂ ਨੇ ਸੰਖੇਪ ਜਾਣਕਾਰੀ ਵੀ ਦਿਤੀ:

**ਗੋਬਰਹਾਰ ਵਾਣੀ:** ਇਸ ਦਾ ਪ੍ਰਧਾਨ ਗੁਣ 'ਸ਼ਾਂਤ-ਰਸ' ਹੈ। ਇਸ ਦੀ ਲੈਅ ਵਿਲੰਬਤ ਮੰਨੀ ਜਾਂਦੀ ਹੈ।

**ਖੰਡਹਰ ਬਾਣੀ:** ਇਸ ਦਾ ਪ੍ਰਧਾਨ ਗੁਣ 'ਸ਼ਿੰਗਾਰ-ਰਸ' ਹੈ।ਇਸ ਵਿਚ ਲੈਅ ਥੋੜੀ ਜਿਹੀ ਤੇਜ਼ ਹੁੰਦੀ ਹੈ, ਜੋ ਕਿ ਤੀਵਰ ਰਸ ਉਤਪਾਦਕ ਹੈ।

**ਡਾਗੁਰ ਬਾਣੀ:** ਇਹ ਸਰਲ ਅਤੇ ਲਲਿਤ ਪ੍ਰਧਾਨ ਵਾਣੀ ਹੈ। ਇਸ ਦੇ ਸੁਰਾਂ ਵਿੱਚ ਟੇਡਾਪਨ ਤੇ ਵਚਿੱਤਰਤਾ ਹੁੰਦੀ ਹੈ। ਇਸ ਦੀ ਲੈਅ ਸਹਿਜ ਤੇ ਸਰਲ ਹੁੰਦੀ ਹੈ।

**ਨੌਹਾਰ ਵਾਣੀ:** ਇਸ ਵਿੱਚ 'ਗਮਕ' ਦਾ ਜ਼ਿਆਦਾ ਪ੍ਰਯੋਗ ਹੁੰਦਾ ਹੈ। ਗਰਜਣ ਵਾਲੀ ਆਵਾਜ਼ ਵਿੱਚ ਗਾਈ ਜਾਂਦੀ ਹੈ। ਅਦਭੁਤ ਰਸ ਉਤਪੰਨ ਕਰਦੀ ਹੈ ਪਰ ਆਨੰਦਦਾਇਕ ਨਹੀਂ ਹੈ।[4]

ਵਰਤਮਾਨ ਕਾਲ ਵਿੱਚ ਧਰੁਪਦ-ਗਾਇਕੀ ਦੇ ਕਲਾਕਾਰ ਬਹੁਤ ਥੋੜੇ ਹਨ ਜਿਨ੍ਹਾਂ ਵਿੱਚੋਂ ਅਕਸਰ 'ਡਾਗਰ ਬੰਧੂ' ਦਾ ਨਾਮ ਹੀ ਲਿਆ ਜਾਂਦਾ ਹੈ। ਇਹ ਦੋਵੇਂ ਭਾਈ 'ਜੁਗਲ-ਬੰਦੀ' ਦੇ ਰੂਪ ਵਿਚ ਇਕੱਠੇ ਮਿਲ ਕੇ ਗਾਉਂਦੇ ਸਨ। ਇੱਕ ਭਾਈ ਦੇ ਦੇਹਾਂਤ ਹੋਣ ਕਾਰਣ, ਧਰੁਪਦ ਗਾਇਕੀ ਵਿਚ 'ਖੜੋਤ' ਜਿਹੀ ਆ ਗਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਵੀ ਸੰਗੀਤਕਾਰ ਇਸ ਗਾਇਕੀ ਨੂੰ ਸਤਿਕਾਰ ਤੇ ਪ੍ਰਸੰਸਾ ਦੀ ਨਜ਼ਰ ਨਾਲ ਵੇਖਦੇ ਹਨ। ਧਰੁਪਦ ਗਾਇਕੀ ਦੀ ਲੋਕਪ੍ਰਿਅਤਾ ਸਮਾਪਤ ਹੋਣ ਦੇ ਕਾਰਣ, ਇਸ ਪ੍ਰਕਾਰ ਹਨ:[5]

- ਇਸ ਵਿੱਚ ਕਲਾਕਾਰ ਨੂੰ ਆਪਣੀ ਕਲਪਨਾ ਦੇ ਵਿਸਥਾਰ ਦਾ ਮੌਕਾ ਨਹੀਂ ਮਿਲਦਾ।
- ਇਸ ਵਿੱਚ 'ਭਾਵ-ਰਸ', ਮਾਨਸਿਕ ਸੌਂਦਰਯ (ਸੁਹਜ) ਤੇ ਰਾਗ ਵਿਸਥਾਰ ਦੀ ਗੁੰਜਾਇਸ਼ ਸੀਮਤ ਹੈ।
- ਇਸ ਵਿੱਚ ਗਰਾਰੀ, ਕਣ-ਸੁਰ, ਮੀਂਡ ਆਦਿ ਸੂਖਮਤਾ ਤੇ ਕਲਾਤਮਕਤਾ ਆਦਿ ਗੁਣਾ ਦੀ ਘਾਟ ਹੈ।[6]

3 ਆਚਾਰੀਆ ਬ੍ਰਹਸਪਤੀ, ਭਾਰਤ ਕਾ ਸੰਗੀਤ ਸਿਧਾਂਤ, ਪੰਨਾ-30

4 ਭਾਤਖੰਡੇ ਸੰਗੀਤ ਸ਼ਾਸਤਰ, ਭਾਗ-1, ਪੰਨਾ 50-52

5 ਡਾ.ਡੀ.ਐਸ. ਨਰੂਲਾ, ਸੰਗੀਤ ਸਿਧਾਂਤ ਤੇ ਸੁਹਜ ਸ਼ਾਸ਼ਤਰ 1988, ਪੰਨਾ-92



- ਇਸ ਵਿੱਚ ਤਾਲ ਤੇ ਲੈਅਕਾਰੀਆਂ ਨੂੰ (ਗਿਣਤੀ-ਮਿਣਤੀ) ਜ਼ਿਆਦਾ ਹੁੰਦੀ ਹੈ।
- ਇਹੀ ਕਾਰਨ ਹੈ ਕਿ ਇਸ ਨੂੰ 'ਮਰਦਾਨਾ' ਗਾਇਕੀ ਕਿਹਾ ਗਿਆ ਹੈ।
- ਸਾਡਾ ਵਿਸ਼ਵਾਸ ਹੈ ਕਿ ਇਸਤ੍ਰੀਆਂ ਦੇ ਮਧੁਰ ਕੰਠ ਰਾਹੀਂ ਇਸ ਨੂੰ ਪ੍ਰਸਤੁਤ ਕੀਤਾ ਜਾਂਦਾ ਤਾਂ ਅੱਜਕਲ੍ਹ ਇਸ ਦੀ ਲੋਕਪ੍ਰਿਅਤਾ ਵੀ ਹੋਣੀ ਸੀ। ਅਜੇ ਵੀ ਇਸ ਨੂੰ ਨਵੀਨ ਢੰਗ ਨਾਲ ਸਜਾਇਆ ਤੇ ਸੰਵਾਰਿਆ ਜਾਵੇ ਤੇ ਇਸਤ੍ਰੀਆਂ ਨੂੰ ਧਰੁਪਦ-ਗਾਇਕੀ ਦੇ ਲਈ ਪ੍ਰੇਰਿਆ ਜਾਵੇ ਤਾਂ ਇਸ ਨੂੰ ਹਰਮਨ ਪਿਆਰਾ ਬਣਾਇਆ ਜਾ ਸਕਦਾ ਹੈ।[7]

ਸਥਾਈ, ਅੰਤਰਾ, ਸੰਚਾਰੀ ਤੇ ਅਭੋਗ। ਇਹ ਜ਼ਿਆਦਾ ਕਰਕੇ ਚੌਤਾਲ (ਚਾਰਤਾਲ) ਸੂਲਫਾਕ, ਰੁਦਰਤਾਲ, ਤੀਵਰਾ, ਸਵਾਰੀ, ਸ਼ਿਖਰ, ਗਜਝੰਪਾ ਤੇ ਬ੍ਰਹਮਤਾਲ, ਆਦਿ ਤਾਲਾਂ ਵਿੱਚ ਗਾਏ ਜਾਂਦੇ ਹਨ। ਧਰੁਪਦ ਵਿੱਚ ਤਾਨਾਂ ਦਾ ਪ੍ਰਯੋਗ ਨਹੀਂ ਹੁੰਦਾ। ਇਸ ਵਿੱਚ ਦੁੱਗਣ, ਤਿਗੁੱਣ, ਚੌਗੁਣ, ਲੈਕਾਰੀਆਂ ਅਤੇ ਬੋਲਤਾਨਾਂ ਵੀ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ।[8]

## 6. ਧਰੁਪਦ ਗਾਇਕੀ ਦੀਆਂ ਵਿਸ਼ੇਸ਼ਤਾਈਆਂ

- ਧਰੁਪਦ ਦੀ ਤਾਲ-ਬੱਧ ਰਚਨਾ (ਗੀਤ) ਗਾਉਣ ਤੋਂ ਪਹਿਲਾਂ ਵਿਸਥਾਰਪੂਰਵਕ ਅਲਾਪ ਕੀਤਾ ਜਾਂਦਾ ਹੈ ਜਿਸ ਨੂੰ 'ਨੋਮ-ਤੋਮ' ਦਾ ਆਲਾਪ ਕਿਹਾ ਜਾਂਦਾ ਹੈ। ਇਹ ਆਲਾਪ ਵੀ ਵਿਲੰਬਤ ਲੈਅ, ਮੱਧ ਲੈਅ, ਦਰੁੱਤ ਲੈਅ ਤੇ ਅਤੀ ਦਰੁੱਤ ਲੈਅ ਵਿਚ ਕੀਤਾ ਜਾਂਦਾ ਹੈ।'ਨੋਮ-ਤੋਮ' ਆਲਾਪ ਦੇ ਮੂਲ ਰੂਪ ਵਿੱਚ – ਉਸ ਤੂ, ਅਨੰਤ, ਹਰੀ ਨਰਾਇਣ ਆਦਿ ਸ਼ਬਦਾਂ ਨੂੰ ਉਚਾਰਣ ਕੀਤਾ ਜਾਂਦਾ ਸੀ। ਪ੍ਰੰਤੂ ਹੌਲੀ-ਹੌਲੀ, ਇਕ ਇਕ ਅੱਖਰ ਦੇ ਗਾਇਨ ਕਰਦੇ ਹੋਏ। ਇਸ ਦਾ ਅਪਭ੍ਰੰਸ਼ ਰੂਪ – 'ਨੋਮ-ਤੋਮ' ਦਾ ਆਲਾਪ ਹੀ ਪ੍ਰਚੱਲਿਤ ਹੋ ਗਿਆ। ਮੱਧਕਾਲ ਦੇ ਅੰਤ ਵਿੱਚ, ਵਾਦਯ ਸੰਗੀਤ ਦਾ ਆਲਾਪ ਵੀ ਇਸੇ ਦੇ ਅਨੁਕਰਣ ਰੂਪ – 'ਜੋੜ-ਆਲਾਪ' ਦੇ ਨਾਮ ਨਾਲ ਹੋਂਦ ਵਿੱਚ ਆਇਆ ਸੀ। ਇਸ ਵਿੱਚ 'ਗਮਕ' ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ।
- ਧਰੁਪਦ ਗਾਇਕੀ ਵਿੱਚ ਤਾਨਾਂ ਦਾ ਪ੍ਰਯੋਗ ਨਹੀਂ ਹੁੰਦਾ।
- ਤਾਲ-ਬੱਧ ਗੀਤ ਦੀ 'ਲੈਅ-ਬਾਂਟ' ਸ਼ਬਦਾਂ ਦੀ ਦੁਹਰਾਈ, ਤਿਹਾਈਆਂ ਅਤੇ ਵੱਖ ਵੱਖ 'ਲੈਕਾਰੀਆਂ 'ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਵਿੱਚ ਗਾਇਕ ਨੂੰ ਆਪਣੀ 'ਕਲਪਨਾ' ਅਨੁਸਾਰ ਗਾਉਣ ਦੀ ਗੁੰਜਾਇਸ਼ ਨਹੀਂ ਹੁੰਦੀ।
- ਹੋਰ ਗਾਇਨ ਸ਼ੈਲੀਆਂ ਨਾਲੋਂ ਇਸ ਵਿੱਚ 'ਗੰਭੀਰਤਾ' ਜ਼ਿਆਦਾ ਹੁੰਦੀ ਹੈ।
- ਸ਼ਾਂਤ-ਰਸ, ਵੀਰ-ਰਸ, ਤੇ ਭਗਤੀ ਰਸ ਲਈ, ਇਹ ਸ਼ੈਲੀ ਵਿਸ਼ੇਸ਼ ਤੌਰ 'ਤੇ ਉਪਯੋਗੀ ਹੈ।
- ਗੁਰਮਤਿ ਸੰਗੀਤ ਵਿੱਚ ਵੀ ਅਨੇਕਾਂ ਧਰੁਪਦ ਦੀਆਂ ਰਚਨਾਵਾਂ ਕਠਿਨ ਤਾਲਾਂ ਵਿੱਚ ਉਪਲਬਧ ਹਨ।
- ਧਰੁਪਦ ਗਾਇਕੀ ਦੀ ਸੰਗਤ ਮ੍ਰਿਦੰਗ ਜਾਂ ਪਖਾਵਜ ਨਾਲ ਕੀਤੀ ਜਾਂਦੀ ਸੀ। ਅੱਜਕਲ੍ਹ ਇਸ ਦੀ ਸੰਗਤ 'ਤਬਲੇ' ਨਾਲ ਕੀਤੀ ਜਾਂਦੀ ਹੈ ਜੋ ਕਿ ਤਰਕ ਸੰਗਤ ਨਹੀਂ ਹੈ। ਇਸ ਦੀ ਸੁਰ ਸੰਗਤ, 'ਦੋ-ਤਾਨਪੁਰਿਆਂ' ਨਾਲ ਕਰਨ ਦੀ ਪਰੰਪਰਾ ਸੀ ਪਰ ਅੱਜਕਲ੍ਹ ਹਰਮੋਨੀਅਮ, ਦਿਲਰੁਬਾ ਜਾਂ ਸਾਰੰਗੀ ਨਾਲ ਵੀ ਇਸ ਦੀ ਸੰਗਤ ਹੁੰਦੀ ਹੈ।[9]

6 ਡਾ.ਡੀ.ਐਸ. ਨਰੂਲਾ, ਸੰਗੀਤ ਸਿਧਾਂਤ ਤੇ ਸੁਹਜ ਸ਼ਾਸ਼ਤਰ 1988, ਪੰਨਾ-93

7 ਡਾ.ਡੀ.ਐਸ. ਨਰੂਲਾ, ਸੰਗੀਤ ਸਿਧਾਂਤ ਤੇ ਸ਼ਾਸ਼ਤਰ 1988, ਪੰਨਾ-92

8 ਪੰਡਤ ਉਂਕਾਰ ਨਾਥ ਠਾਕੁਰ, ਸੰਗੀਤਾਂਜਲੀ ਭਾਗ-4, ਪੰਨਾ-29

## 7. ਧਰੁਪਦ ਦੀ ਲੋਕਪ੍ਰਿਅਤਾ ਘੱਟ ਕਿਉਂ ਹੋਈ?

ਇਸ ਦੇ ਪ੍ਰਮੁੱਖ ਕਾਰਣ ਇਹ ਹਨ:

- ਇਸ ਦੇ ਵਿੱਚ ਤਾਲ-ਬੱਧ ਰੂਪ ਵਿੱਚ 'ਆਲਾਪ ਅਤੇ ਤਾਨਾਂ' ਦਾ ਪ੍ਰਯੋਗ ਨਹੀਂ ਕੀਤਾ ਜਾਂਦਾ।
- ਇਸ ਵਿਚ ਕਲਾਕਾਰ ਨੂੰ 'ਸੁਤੰਤਰਤਾ' ਨਹੀਂ ਕਿ ਉਹ ਆਪਣੀ ਕਲਪਨਾ ਅਨੁਸਾਰ ਗਾਇਨ ਕਰੇ ਜਾਂ ਵਿਸਥਾਰ ਕਰੇ।
- ਇਸ ਵਿੱਚ 'ਤਾਲ-ਬੱਧ' ਲੈਅਕਾਰੀਆਂ ਦਾ ਪ੍ਰਯੋਗ ਜ਼ਿਆਦਾ ਹੁੰਦਾ ਹੈ।
- ਇਸ ਵਿੱਚ ਗਾਇਕੀ ਨਾਲੋਂ ਜ਼ਿਆਦਾ, 'ਗਿਣਤੀ-ਮਿਣਤੀ' ਅਰਥਾਤ ਅੰਕ-ਗਣਿਤ ਦੀ ਬਹੁਤਾਤ ਹੈ।
- ਇੱਕ 'ਧਰੁਪਦ' ਗੀਤ ਦੀ ਗਾਇਕੀ ਨੂੰ ਤਿਆਰ ਦੇ ਲਈ ਘੱਟੋ-ਘੱਟ ਦੋ-ਮਹੀਨੇ ਅਭਿਆਸ ਕਰਨਾ ਪੈਂਦਾ ਹੈ।
- ਤਾਲ ਜਾਂ ਬੇਤਾਲ ਦੇ ਚੱਕਰ ਵਿੱਚ ਗਾਇਕ ਅਤੇ ਗਾਇਕੀ ਦੀ ਸੁਤੰਤਰ ਕਲਪਨਾ ਗੁੰਮ ਹੋ ਜਾਂਦੀ ਹੈ।
- ਧਰੁਪਦ ਗਾਇਕੀ ਨੂੰ ਪੁਨਰ ਜੀਵਨ ਜਾਂ ਲੋਕਪ੍ਰਿਅਤਾ ਦੇਣ ਦੇ ਲਈ ਨਵੇਂ ਸਿਰੇ ਤੋਂ ਵਿਚਾਰਣ ਦੀ ਜ਼ਰੂਰਤ ਹੈ।[10]

**ਨੋਟ:** ਪੰਜਾਬ, ਰਾਜਸਥਾਨ, ਯੂ.ਪੀ. ਤੇ ਗੁਜਰਾਤ ਵਿੱਚ, ਧਰੁਪਦ ਗਾਇਕੀ ਦਾ ਅੱਜ ਵੀ ਪ੍ਰਚਾਰ ਹੈ। ਗੁਰਮਤਿ-ਸੰਗੀਤ ਦੇ ਗਾਇਕ ਅੱਜ ਵੀ ਅਨੇਕਾਂ ਕਠਿਨ ਤਾਲਾਂ ਵਿੱਚ ਧਰੁਪਦ ਨੂੰ ਗਾਉਂਦੇ ਹਨ ਅਤੇ ਇਸ ਵਿੱਚ ਮੁਹਾਰਤ ਵੀ ਰੱਖਦੇ ਹਨ। ਇਸ ਲਈ ਗੁਰਮਤਿ-ਸੰਗੀਤ ਵਿੱਚ 'ਧਰੁਪਦ-ਗਾਇਕੀ' ਦਾ ਮਹੱਤਵ ਅੱਜ ਵੀ ਕਾਇਮ ਹੈ।

## 8. ਧਰੁਪਦ ਗਾਇਕੀ ਦਾ ਆਲਾਪ

'ਨੋਮ-ਤੋਮ' ਕਿਵੇਂ ਕਰੀਏ? ਹੇਠ ਲਿਖੇ ਚਾਰ ਭਾਗਾਂ ਵਿੱਚ:

1) ਸਥਾਈ-ਆਲਾਪ
2) ਅੰਤਰਾ-ਆਲਾਪ
3) ਸੰਚਾਰੀ-ਆਲਾਪ
4) ਅਭੋਗ-ਆਲਾਪ

**1) ਸਥਾਈ-ਆਲਾਪ (ਪ੍ਰਥਮ ਭਾਗ):** ਇਸ ਭਾਗ ਵਿੱਚ ਸ਼ੜਜ-ਸਥਾਪਤੀ ਤੋਂ ਬਾਅਦ ਰਾਗ ਦੇ ਵਾਦੀ-ਸੁਰ ਨੂੰ ਕੇਂਦਰ ਵਿੱਚ ਰੱਖ ਕੇ ਵਿਲੰਬਤ ਲੈਅ ਵਿੱਚ ਆਲਾਪ ਦਾ ਸੁਰ/ਵਿਸਥਾਰ ਕੀਤਾ ਜਾਂਦਾ ਹੈ। ਆਰੰਭ ਵਿੱਚ, ਮੰਦਰ-ਸਪਤਕ ਸੁਰਾਂ ਦੀ 'ਬੜ੍ਹਤ' (ਇੱਕ ਸੁਰ ਹਰੇਕ ਆਲਾਪ ਵਿੱਚ) ਕਰਕੇ, ਰਾਗ ਦੀ ਮਰਿਯਾਦਾ ਅਨੁਸਾਰ, ਮੰਦਰ-ਸਪਤਕ ਦੇ, ਮ ਜਾਂ ਪ ਤੱਕ ਵਿਸਥਾਰ ਹੁੰਦਾ ਹੈ। ਇਸੇ ਤਰ੍ਹਾਂ ਆਪਣੇ ਕੰਠ ਦੀ ਆਖਰੀ ਸਮਰੱਥਾ ਤੱਕ - ਮੰਦਰ-ਸਪਤਕ ਦੇ ਸ਼ੜਜ (ਸ਼) ਤੱਕ ਵੀ, ਵਿਸਥਾਰ ਕੀਤਾ ਜਾਂਦਾ ਹੈ। ਹਰੇਕ ਆਲਾਪ ਵਿੱਚ ਇੱਕ-ਇੱਕ ਸੁਰ (ਦੀ ਬੜ੍ਹਤ) ਜੋੜ ਕੇ 'ਵਿਸ਼ੇਸ਼ ਸੁਰ ਸਮੂਹਾਂ' ਨਾਲ ਰਾਗ ਦਾ, ਸਰੂਪ ਕਾਇਮ

9 ਡਾ.ਡੀ.ਐਸ. ਨਰੂਲਾ, ਸੰਗੀਤ ਸਿਧਾਂਤ ਤੇ ਸ਼ਾਸ਼ਤਰ 1988, ਪੰਨਾ-4, 5
10 ਲੇਖਕ ਵੱਲੋਂ ਵਿਚਾਰ ਚਰਚਾ



ਕੀਤਾ ਜਾਂਦਾ ਹੈ। ਹੌਲੀ-ਹੌਲੀ ਮੱਧ ਸਪਤਕ ਵਿੱਚ ਪੰਚਮ ਤੋਂ ਨਿਸ਼ਾਦ ਤੱਕ ਕ੍ਰਮਨੁਸਾਰ ਵਿਸਥਾਰ ਕਰਨ ਤੋਂ ਬਾਅਦ, ਸਥਾਈ ਭਾਗ ਦੇ ਆਖਰੀ ਆਲਾਪ ਵਿੱਚ ਤਾਰ ਸਪਤਕ ਦੇ ਸ਼ੜਜ (ਸ) ਦਾ ਸਪਰਸ਼ ਕਰਕੇ, ਇਸ ਪ੍ਰਥਮ ਭਾਗ ਦੇ ਆਲਾਪ ਦੀ ਸਮਾਪਤੀ ਕੀਤੀ ਜਾਂਦੀ ਹੈ। ਇਸ ਭਾਗ ਦੀ ਸਮਾਪਤੀ ਵੇਲੇ ਇਕ ਰਾਗਵਾਚਕ ਟੁਕੜੇ ਨਾਲ ਆਲਾਪ ਦਾ ਮੁਖੜਾ ਕਿਹਾ ਜਾਂਦਾ ਹੈ। ਇਸ ਉਪਰੰਤ ਆਲਾਪ ਦਾ ਦੂਜਾ-ਭਾਗ ਆਰੰਭ ਹੁੰਦਾ ਹੈ।

**2) ਅੰਤਰੇ ਦਾ ਆਲਾਪ (ਦੂਜਾ ਭਾਗ):** ਆਲਾਪ ਦੇ ਇਸ ਭਾਗ ਦਾ ਆਰੰਭ ਜ਼ਿਆਦਾ ਕਰਕੇ, ਗੰਧਾਰ, ਮੱਧਿਅਮ ਜਾਂ ਪੰਚਮ ਸੁਰ ਤੋਂ ਆਰੰਭ ਕੀਤਾ ਜਾਂਦਾ ਹੈ। ਇਸ ਵਿੱਚ ਵੀ ਇੱਕ-ਇੱਕ ਸਰ ਦੀ ਬੜ੍ਹਤ ਕਰਕੇ, ਬਾਰ-ਬਾਰ, ਤਾਰ-ਸ਼ੜਜ (ਸਂ) ਦਾ ਕੰਮ ਦਿਖਾਇਆ ਜਾਂਦਾ ਹੈ। ਵੱਖ-ਵੱਖ ਵਿਸ਼ੇਸ਼ ਸੁਰ-ਸਮੂਹਾਂ ਅਤੇ ਵਿਸ਼ੇਸ਼ ਸੁਰ-ਸੰਗਤੀਆਂ ਰਾਹੀਂ, ਤਾਰ ਸਪਤਕ ਵਿੱਚ ਨਵੇਂ-ਨਵੇਂ ਸੁਰ-ਸਮੂਹਾਂ ਦੀ ਸਰਜਣਾ ਕੀਤੀ ਜਾਂਦੀ ਹੈ। ਛੋਟੇ-ਛੋਟੇ ਸੁਰ-ਸਮੂਹਾਂ ਦੀ ਸਮਾਪਤੀ, ਤਾਰ ਸ਼ੜਜ 'ਤੇ ਹੁੰਦੀ ਹੈ। ਇਸ ਭਾਗ ਵਿੱਚ ਕੰਪਨ, ਮੀਂਡ ਤੇ ਕਣ ਸੁਰਾਂ ਦੀ ਸੁੰਦਰਤਾ ਵੀ ਦਿਖਾਈ ਜਾਂਦੀ ਹੈ। ਫਿਰ ਹੌਲੀ-ਹੌਲੀ ਮੱਧ ਸਪਤਕ ਦੇ ਸੁਰਾਂ ਵਿੱਚ ਕ੍ਰਮਾਨੁਸਾਰ ਵਾਪਸ ਆ ਕੇ ਮੱਧ-ਸ਼ੜਜ ਵਿੱਚ ਮਿਲਣਾ ਹੁੰਦਾ ਹੈ। ਅੰਤ ਵਿੱਚ ਆਲਾਪ ਦੇ ਮੁਖੜੇ ਰਾਹੀਂ, ਆਲਾਪ ਦਾ 'ਸਮ' ਦਿਖਾਇਆ ਜਾਂਦਾ ਹੈ। ਅੰਤਰੇ ਦਾ ਆਲਾਪ ਮੱਧ-ਲੈਅ ਵਿੱਚ ਕੀਤਾ ਜਾਂਦਾ ਹੈ।

**3) ਸੰਚਾਰੀ ਭਾਗ ਦਾ ਆਲਾਪ:** ਸੰਚਾਰੀ ਭਾਗ ਦੇ ਆਲਾਪ ਵਿੱਚ 'ਦਰੁੱਤ-ਲੈਅ' ਰੱਖੀ ਜਾਂਦੀ ਹੈ। ਇਸ ਭਾਗ ਵਿੱਚ ਗਮਕ ਤੇ ਮੀਂਡ ਦਾ ਕੰਮ ਹੁੰਦਾ ਹੈ। ਮੱਧ-ਸਪਤਕ ਦੇ 'ਮ ਜਾਂ ਪ' ਤੋਂ ਆਲਾਪ ਦੀ ਬੜ੍ਹਤ ਕਰਦੇ ਹੋਏ ਤਾਰ ਸਪਤਕ ਦੇ ਸ਼ੜਜ (ਸਂ) ਤੱਕ ਵਿਸਥਾਰ ਕੀਤਾ ਜਾਂਦਾ ਹੈ ਤੇ ਆਲਾਪ-ਵਾਪਸੀ ਤੇ ਮੱਧ-ਸਪਤਕ ਦੇ ਮ-ਪ ਤੇ ਹੀ ਸਮਾਪਤ ਹੁੰਦਾ ਹੈ। ਸੁਰ-ਸੰਵਾਦ ਤੇ ਵਿਸ਼ੇਸ਼ ਸੁਰ-ਸੰਗਤੀਆਂ ਨੂੰ ਵੀ ਬਾਰ-ਬਾਰ ਵਰਤਿਆ ਜਾਂਦਾ ਹੈ। ਸੰਚਾਰੀ ਭਾਗ ਵਿਚ, ਮੱਧ ਦੇ ਸੁਰ-ਵਿਸਥਾਰ ਤੇ ਆਲਾਪ ਦਾ ਸੋਧਿਆ ਹੋਇਆ, ਸਰੂਪ ਹੁੰਦਾ ਹੈ। ਇਸ ਭਾਗ ਦੇ ਅੰਤ ਵਿਚ ਵੀ ਆਲਾਪ ਦੇ ਮੁਖੜੇ (ਸਮ) ਦਾ ਪ੍ਰਯੋਗ ਹੁੰਦਾ ਹੈ।

**4) ਆਭੋਗ ਦਾ ਆਲਾਪ:** ਆਲਾਪ ਦੇ ਇਸ ਚੌਥੇ ਭਾਗ ਵਿਚ, ਅੰਤਰੇ ਵਾਂਗ ਵਿਸਥਾਰ ਕੀਤਾ ਜਾਂਦਾ ਹੈ। ਇਹ ਆਲਾਪ ਇਕ ਤਰ੍ਹਾਂ ਨਾਲ ਅੰਤਰੇ ਦੇ ਆਲਾਪ ਦਾ ਸੋਧਿਆ ਹੋਇਆ ਰੂਪ ਹੁੰਦਾ ਹੈ। ਇਸ ਦਾ ਵਿਸਥਾਰ ਤਿੰਨ-ਸਪਤਕਾਂ ਵਿਚ ਕੀਤਾ ਜਾਂਦਾ ਹੈ। ਇਹ ਆਲਾਪ ਅਤੀ ਦੁਰੱਤ ਲੈਅ ਵਿਚ ਕੀਤਾ ਜਾਂਦਾ ਹੈ। ਗਾਇਕ ਕਲਾਕਾਰ ਆਪਣੇ 'ਕੰਠ ਦੀ ਮਰਿਯਾਦਾ ਤੇ ਸਮਰੱਥਾ' ਅਨੁਸਾਰ ਕਈ ਵਾਰੀ 'ਅਤੀ-ਤਾਰ-ਸਪਤਕ-ਸ਼ੜਜ' ਵੀ ਲਗਾ ਦੇਂਦੇ ਹਨ। ਇਸ ਭਾਗ ਵਿਚ 'ਨੋਮ-ਤੋਮ' ਦੀ ਤੇਜ਼ੀ ਕਾਰਨ ਇਹ 'ਤਰਾਨੇ' ਦਾ ਪ੍ਰਤੀਰੂਪ ਹੋ ਜਾਂਦਾ ਹੈ। ਗੁਰਮਤਿ ਸੰਗੀਤ ਵਿਚ, ਨਿਰਾਰਥਕ ਸ਼ਬਦਾਂ ਦਾ ਗਾਇਨ (ਤਰਾਨਾ) ਕਰਨ ਦੀ ਪਰੰਪਰਾ ਨਹੀਂ ਹੈ। ਇਸੇ ਕਰਕੇ ਗੁਰਮਤਿ ਸੰਗੀਤਾਚਾਰਯ: ਸਾਰਥਕ-ਸ਼ਬਦਾਂ ਦਾ ਪ੍ਰਯੋਗ ਕਰਕੇ ਇਸ ਨੂੰ ਪ੍ਰਵੀਣਤਾ ਨਾਲ ਗਾਇਨ ਕਰਦੇ ਹਨ।[11]

ਇਸ ਪ੍ਰਕਾਰ 'ਧਰੁਪਦ-ਗਾਇਕੀ' ਜਿਥੇ ਇਕ ਕਠਿਨ, ਵਿਕਟ ਤੇ ਪ੍ਰਾਚੀਨ-ਮੱਧਕਾਲੀਨ ਗਾਇਕੀ ਵਜੋਂ ਸਤਿਕਾਰ ਨਾਲ ਦੇਖੀ ਜਾਂਦੀ ਹੈ, ਉਥੇ ਇਸ ਦੀ ਕਠਿਨ ਮਿਹਨਤ: ਰਾਗ-ਤਾਲ ਤੇ ਲੈਅਕਾਰੀਆਂ ਉੱਪਰ ਅਧਿਕਾਰ (ਕੰਟਰੋਲ) ਦੀ ਮੰਗ ਵੀ ਕਰਦੀ ਹੈ। ਇਸ ਲਈ

11 ਡਾ.ਡੀ.ਐਸ. ਨਰੂਲਾ, ਸੰਗੀਤ ਸਿਧਾਂਤ ਤੇ ਸੁਹਜ ਸ਼ਾਸ਼ਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ 1988

ਅਭਿਆਸ ਆਰੰਭ ਤੋਂ ਹੀ ਆਪਣੇ ਸੰਗੀਤ-ਉਸਤਾਦ ਦੀ ਦੇਖ-ਰੇਖ ਵਿਚ ਕਰਨਾ ਜ਼ਰੂਰੀ ਬਣਦਾ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਨੂੰ ਗਾਇਨ ਕਰਨ ਦਾ ਆਦੇਸ਼ ਗੁਰੂ ਸਾਹਿਬਾਨ ਨੇ ਹੀ ਦਿੱਤਾ ਹੈ, ਜਿਵੇਂ:

'ਪ੍ਰਵੀਣ-ਸੰਗੀਤਾਚਾਰਯ' ਬਣਨ ਦੇ ਲਈ, ਧਰੁਪਦ ਤੇ ਧਮਾਰ ਗਾਇਕੀ ਦਾ ਬਕਾਇਦਾ ਅਭਿਆਸ ਆਰੰਭ ਤੋਂ ਹੀ ਆਪਣੇ ਸੰਗੀਤ-ਉਸਤਾਦ ਦੀ ਦੇਖ-ਰੇਖ ਵਿਚ ਕਰਨਾ ਜ਼ਰੂਰੀ ਬਣਦਾ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਨੂੰ ਗਾਇਨ ਕਰਨ ਦਾ ਆਦੇਸ਼ ਗੁਰੂ ਸਾਹਿਬਾਨ ਨੇ ਹੀ ਦਿੱਤਾ ਹੈ, ਜਿਵੇਂ:

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥(ਅੰਗ ੯੧੭)**

ਹਰਿਮੰਦਰ ਸਾਹਿਬ ਵਿਖੇ, ਕੀਰਤਨ ਕਰਨ ਵਾਲੇ ਜਥੇ ਵਿੱਚ ਬੜੇ ਵਿਦਵਾਨ, ਰਾਗੀ-ਰਬਾਬੀ ਹੁੰਦੇ ਸਨ। ਸੰਸਾਰ ਦੇ ਕਿਸੇ ਵੀ ਧਾਰਮਿਕ-ਸਥਾਨ 'ਤੇ ਅਜਿਹਾ ਸੰਗੀਤਕ-ਪ੍ਰਬੰਧ ਨਹੀਂ ਹੈ ਜਿਥੇ ਸੈਂਕੜੇ ਸਾਲਾਂ ਤੋਂ **"ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥"** ਦੇ ਮਹਾਂਵਾਕ ਅਨੁਸਾਰ ਦਿਨ-ਰਾਤ ਕੀਰਤਨ ਹੁੰਦਾ ਹੋਵੇ। ਹਰਿਮੰਦਰ ਸਾਹਿਬ ਦੀ ਪ੍ਰਾਚੀਨ ਗਾਇਨ ਸ਼ੈਲੀ ਦੇ ਸੰਬੰਧ ਵਿਚ ਭਾਈ ਅਵਤਾਰ ਸਿੰਘ ਗੁਰਬਚਨ ਸਿੰਘ ਜੀ ਲਿਖਦੇ ਹਨ:- ਗੁਰੂ ਸਾਹਿਬ ਨੇ ਜੋ ਕੀਰਤਨ ਦੀ ਮਰਿਯਾਦਾ ਕਾਇਮ ਕੀਤੀ ਅਤੇ ਜਿਸ ਤਰ੍ਹਾਂ ਪੁਰਾਣੇ ਕੀਰਤਨੀਏ, ਰਾਗੀ ਸਿੰਘ ਤੇ ਰਬਾਬੀ ਕੀਰਤਨ ਕਰਦੇ ਸਨ, ਉਹ ਲਿਖਣੀ ਵੀ ਜ਼ਰੂਰੀ ਬਣਦੀ ਹੈ।[12]

- ਪਹਿਲੇ ਸ਼ਾਨ ਜਾਂ ਲਹਿਰਾ (ਨਗਮਾ) ਵਜਾਉਣਾ।
- ਫਿਰ ਮੰਗਲਾਚਰਣ (ਡੰਡਉਤ ਬੰਦਨ) ਧਮਾਰ ਜਾਂ ਚਾਰਤਾਲ
- ਫਿਰ ਧਰੁਪਦ ਜਾਂ ਕਿਸੇ ਵੱਡੇ ਤਾਲ ਦੀ ਕੋਈ ਰੀਤ-ਗਾਉਣੀ ਅਤੇ ਉਸ ਰੀਤ ਨਾਲ ਜੋੜੀ (ਤਬਲਾ ਵਾਦਕ) ਵਾਲੇ ਸੱਜਣ ਨੇ ਗਤ (ਬੰਦ ਹੱਥਾਂ ਨਾਲ) ਜਾਂ ਸਾਥ (ਖੁੱਲ੍ਹੇ ਹੱਥਾਂ ਨਾਲ) ਬੋਲ, ਲਗਾਂ, ਪਰਨਾਂ ਵਜਾਉਣੀਆਂ ਅਤੇ ਠਾਅ, ਦੁੱਗਣ, ਤਿੱਗੁਣ, ਚੌਗੁਣ, ਆੜ, ਕੁਆੜ, ਲੈਕਾਰੀਆਂ ਬਦਲਨੀਆਂ। ਐਸੇ ਤਰੀਕੇ ਨਾਲ ਅਲੌਕਿਕ ਰੰਗ ਬਣਦਾ ਸੀ।
- ਫਿਰ ਕੋਈ ਸੌਖੀ-ਰੀਤ (ਸਰਲ ਬੰਦਿਸ਼) ਗਾਉਣੀ ਅਤੇ ਲੋੜ ਅਨੁਸਾਰ ਵਿਆਖਿਆ ਜਾਂ ਸਾਖੀ ਆਦਿਕ ਸੁਣਾਉਣੀ।
- ਅਖੀਰ ਵਿਚ ਉਸੇ ਰਾਗ ਵਿਚ ਪਉੜੀ ਗਾਉਣੀ ਅਤੇ ਕੀਰਤਨ ਦੀ ਸਮਾਪਤੀ ਕਰਨੀ।

ਸਮੇਂ-ਸਮੇਂ ਅਨੁਸਾਰ, ਵਿਦਵਾਨਾਂ ਨੇ ਵਿਚਾਰ ਵਟਾਂਦਰੇ ਕੀਤੇ ਅਤੇ 'ਕੀਰਤਨ ਗਾਇਨ ਦੇ ਨਿਯਮ ਵੀ ਬਣਾਏ। ਅੰਤ੍ਰਿਗ ਕਮੇਟੀ ਦੇ ਮਤਾ ਨੰ: 728 ਮਿਤੀ 30.9.1993 ਦੇ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀਰਤਨ ਸਬ ਕਮੇਟੀ ਵੱਲੋਂ ਕੀਰਤਨ ਸੰਬੰਧੀ ਕੁਝ ਹਦਾਇਤਾਂ ਇਸ ਪ੍ਰਕਾਰ ਹਨ:[13]

- ਰੇਡੀਓ ਪ੍ਰਸਾਰਣ ਸਮੇਂ ਰਾਗੀ ਸਿੰਘ, ਸ਼ਬਦ ਨੂੰ ਇਕ ਜਾਂ ਦੋ ਮਿੰਟ ਪਹਿਲਾਂ ਸਮਾਪਤੀ 'ਤੇ ਲੈ ਕੇ ਆਉਣ ਅਤੇ ਖ਼ਤਮ ਕਰਨ ਸਮੇਂ ਉਸ ਨੂੰ ਦੁਬਾਰਾ ਪੜ੍ਹ ਲਿਆ ਕਰਨ ਤਾਂ ਕਿ ਸ਼ਬਦ ਦੀ ਤੁਕ ਪ੍ਰਸਾਰਨ ਸਮੇਂ ਕੱਟੀ ਨਾ ਜਾਵੇ।

12 ਅੰਮ੍ਰਿਤ ਕੀਰਤਨ, ਡਾ.ਡੀ.ਐਸ. ਨਰੂਲਾ, ਨਵੰਬਰ-2003, ਪੰਨਾ-10
13 ਨਿੰਜੀ ਭੇਟ ਵਾਰਤਾ ਵਿੱਚੋਂ ਮਿਤੀ 02/06/1972



- ਕੀਰਤਨ ਦਾ ਸਮੁੱਚਾ ਪ੍ਰਭਾਵ, ਇਕ-ਸੁਰਤਾ ਵੱਲ, ਲਿਵ ਜੋੜਨ ਵੱਲ ਹੋਣਾ ਚਾਹੀਦਾ ਹੈ। ਬਿਖਰੇਵੇਂ ਜਾਂ ਚੰਚਲਤਾਈ ਵੱਲ ਨਹੀਂ। ਸ਼ਬਦ ਸੁਰਤ ਦਾ ਮਿਲਾਪ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਲਈ ਉੱਚੀ ਆਵਾਜ਼ ਵਿੱਚ ਨਹੀਂ ਬੋਲਣਾ ਚਾਹੀਦਾ। ਸਾਜ਼ ਇਕ ਦੂਜੇ 'ਤੇ ਭਾਰੂ ਨਹੀਂ ਹੋਣੇ ਚਾਹੀਦੇ।
- ਸ੍ਰੀ ਹਰਿਮੰਦਰ ਸਾਹਿਬ ਵਿਖੇ ਜਪੁਜੀ ਸਾਹਿਬ ਦਾ ਕੀਰਤਨ ਨਹੀਂ ਹੋਣਾ ਚਾਹੀਦਾ। 'ਜੋਟੀ' ਦੇ ਸ਼ਬਦ ਨਹੀਂ ਪੜ੍ਹੇ ਜਾਣੇ ਚਾਹੀਦੇ ਅਤੇ 'ਸ਼ਬਦ' ਫ਼ਿਲਮੀ ਤਰਜ਼ਾਂ ਵਿੱਚ ਸ਼ਬਦ ਨਹੀਂ ਪੜ੍ਹੇ ਜਾਣੇ ਚਾਹੀਦੇ।
- ਦੋ-ਗਾਣੇ ਵਾਂਗ, ਇੱਕ ਸਿੰਘ ਉੱਚੀ ਆਵਾਜ਼ ਵਿੱਚ ਅਤੇ ਦੂਜਾ ਸਿੰਘ ਨੀਵੀਂ ਆਵਾਜ਼ ਵਿੱਚ, ਸ਼ਬਦ ਗਾਇਨ ਨਾ ਕਰਿਆ ਕਰੇ।
- ਪੁਰਾਤਨ ਰਹੁ-ਰੀਤਾਂ ਅਤੇ ਰਾਗਾਂ ਵਿੱਚ ਕੀਰਤਨ ਕੀਤਾ ਜਾਇਆ ਕਰੇ। ਕੀਰਤਨ ਸਮੇਂ ਇੱਕੋ ਭਾਵ ਵਾਲੇ ਸ਼ਬਦ ਪੜ੍ਹੇ ਜਾਇਆ ਕਰਨ। ਇਕੋ ਪ੍ਰਕਰਣ ਹੋਵੇ ਤਾਂ ਜੋ ਸ਼ਬਦ 'ਭਾਵ' ਸਰੋਤਿਆਂ ਦੀ ਸਮਝ ਆਵੇ।

ਸਿੱਖ ਧਰਮ ਅਤੇ ਗੁਰਮਤਿ ਸੰਗੀਤ ਦਾ ਇਤਿਹਾਸਿਕ ਅਤੇ ਕੇਂਦਰੀ ਸਥਾਨ: ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਮੰਨਿਆ ਜਾਂਦਾ ਹੈ ਅਤੇ ਇਸ ਦੀ ਮੂਲ ਵਿਚਾਰਧਾਰਾ ਤੇ ਗਾਇਨ ਸ਼ੈਲੀ ਦਾ ਮੂਲ ਆਧਾਰ 'ਆਦਿ-ਗ੍ਰੰਥ' (ਸ੍ਰੀ ਗੁਰੂ ਗ੍ਰੰਥ ਸਾਹਿਬ) ਮੰਨਿਆ ਜਾਂਦਾ ਹੈ। ਇਸ ਦਾ ਪ੍ਰਥਮ ਪ੍ਰਕਾਸ਼ 16 ਅਗਸਤ 1604 ਈ: ਨੂੰ 'ਹਰਿਮੰਦਰ ਸਾਹਿਬ' ਵਿਖੇ ਹੋਇਆ ਅਤੇ 400 ਸੌ ਸਾਲਾ ਪ੍ਰਕਾਸ਼ ਉਤਸਵ 16 ਅਗਸਤ 2004 ਨੂੰ ਮਨਾਇਆ ਗਿਆ।

1958 ਵਿਚ ਭਾਈ ਵੀਰ ਸਿੰਘ ਜੀ ਨੇ ਆਪਣੀ ਪੁਸਤਕ 'ਗੁਰਮਤਿ ਸੰਗੀਤ ਨਿਰਣਯ' ਵਿਚ ਲਿਖਿਆ ਕਿ ਇਸ ਪੁਸਤਕ ਦਾ ਆਰੰਭ, ਜਿਥੇ ਯੂਨੀਵਰਸਿਟੀ ਵਿੱਚ ਇੱਕ ਵਿਸ਼ੇ ਵਜੋਂ ਮਨਜ਼ੂਰ ਕਰਾਉਣ ਦਾ ਹੈ, ਉਥੇ ਇਸ ਦੀ ਸਫਲਤਾ ਇਸ ਵਿੱਚ ਹੈ ਕਿ 'ਗੁਰਮਤਿ ਸੰਗੀਤ' ਸਬੰਧੀ ਰਾਗੀ-ਰਬਾਬੀ ਸੱਜਣ ਮਿਹਨਤ ਕਰਨ ਤੇ ਧਿਆਨ ਦੇਣ ਤਾਂ ਕਿ:

- ਗੁਰਬਾਣੀ ਰਾਗਾਂ ਵਿਚ ਗਾਇਨ ਹੋਵੇ।
- ਰਾਗ ਗੁਰਬਾਣੀ ਦੇ ਅੰਸ਼ ਅਨੁਕੂਲ ਹੋਣ।
- ਰਾਗ ਆਪਣੇ ਸਮੇਂ ਸਿਰ ਗਾਏ ਜਾਣ।
- ਕੀਰਤਨ ਨਿਰੋਲ ਗੁਰਬਾਣੀ ਤੇ ਪ੍ਰਮਾਣਿਕ ਬਾਣੀ ਦੇ ਹੋਣ।
- ਕੀਰਤਨ ਵਿੱਚ ਵਿਆਖਿਆ ਨਾ ਕੀਤੀ ਜਾਵੇ। ਕੀਰਤਨ-ਕੀਰਤਨ ਹੋਵੇ, ਵਿਆਖਿਆ ਵਿਆਖਿਆ ਹੋਵੇ, ਮਿਲਗੋਭਾ ਨਾ ਹੋਵੇ।
- ਪੁਰਾਣੇ ਰਾਗੀ-ਰਬਾਬੀ, ਗੁਰਬਾਣੀ ਦੇ ਅਭਿਆਸੀ ਸਿੱਖ ਸਨ, ਉਹ ਪ੍ਰਮਾਣ: ਸੁੱਤੇ-ਸਿੱਧ ਆਪਣੇ ਆਪ ਵਿਚਾਰਗੋਚਰ ਹੋ ਜਾਂਦੇ ਹਨ ਅਤੇ ਸ੍ਰੋਤਿਆਂ ਨੂੰ ਇੱਕ ਵਿਸ਼ੇਸ਼ ਪ੍ਰਕਾਰ ਦਾ ਹੁਲਾਰਾ ਦਿੰਦੇ ਹਨ।
- ਹਰੀ ਕੀਰਤਨ ਅਤੇ ਹਰੀ ਜਸ ਨੂੰ ਸੁਣ ਕੇ ਕੇਵਲ ਆਨੰਦ-ਆਨੰਦ ਹੀ ਨਹੀਂ ਮਾਨਣਾ, ਉਸ ਨੂੰ ਹਿਰਦੇ ਵਿੱਚ ਵੀ ਵਸਾਉਣਾ ਚਾਹੀਦਾ ਹੈ ਜਿਵੇਂ ਕਾਗਜ਼ 'ਤੇ ਲਿਖਿਆ ਨਹੀਂ ਮਿਟਦਾ। ਇਸੇ ਕਰਕੇ ਗੁਰੂ ਜੀ ਨੇ ਲਿਖਿਆ **"ਹਰਿ ਕੀਰਤਨ ਸੁਣ ਹਰ ਹਰਿ ਗੁਣ ਰਵਾ ਹਰ ਜਸ ਮਨ ਲਿਖਾ॥"।**

▸▸ ਅੱਠੇ ਪਹਿਰ ਨਾਮ ਦਾ ਪ੍ਰਵਾਹ ਹਰੀ ਕੀਰਤਨ ਹੈ। ਮਹਾਵਾਕ "ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥" (ਅੰਗ ੮੯੩)

ਅੱਜ ਵੀ ਹਰਿਮੰਦਰ ਸਾਹਿਬ ਵਿਖੇ ਸ਼ਬਦ-ਚੌਂਕੀ ਅਰਥਾਤ ਚਾਰ-ਅੰਗਾਂ ਸਹਿਤ ਕੀਰਤਨ ਕੀਤਾ ਜਾਂਦਾ ਹੈ। ਜਿਵੇਂ (1) ਸ਼ਾਨ-ਲਹਿਰਾ (ਨਗਮਾ) ਤਬਲਾ ਜਾਂ ਮ੍ਰਿਦੰਗ।(2) ਡੰਡਉਤ ਬੰਦਨ (ਬਿਲੰਬਤ ਖਿਆਲ ਸ਼ੈਲੀ) ਚਾਰਤਾਲ, ਏਕਤਾਲ। (3) ਝਪਤਾਲ, ਰੂਪਕ, ਕਹਿਰਵਾ, ਤੀਨਤਾਲ ਵਿੱਚ, ਸ਼ਬਦ ਗਾਇਨ। (4) ਸਲੋਕ ਪਉੜੀ ਗਾਇਨ, ਤੋਂ ਬਾਅਦ ਸਮਾਪਤੀ। (**ਨੋਟ**: ਚੌਂਕੀ ਦੇ ਅਰਥ-ਚਾਰ ਪਾਵੇ ਹਨ। ਕੀਰਤਨ ਦੇ ਚਾਰ ਪ੍ਰਮੁੱਖ ਅੰਗ ਹਨ। ਇਸੇ ਸ਼ਬਦ ਨੂੰ ਚੌਂਕੀ ਕਹਿੰਦੇ ਹਨ)।[14]

ਪ੍ਰਸਿੱਧ ਵਿਦਵਾਨ ਸ੍ਰੀ ਦਲੀਪ ਚੰਦਰ ਬੇਦੀ ਜੀ ਦੇ ਕਥਨ ਅਨੁਸਾਰ, "1947 ਤੋਂ ਬਾਅਦ ਭਾਰਤੀ-ਸੰਗੀਤ ਵਿੱਚ ਅਨੇਕਾਂ ਪਰਿਵਰਤਨ ਹੋਏ। ਸਮਾਜਿਕ ਪ੍ਰਸਥਿਤੀਆਂ ਵਿਚ ਵੀ ਬਦਲਾਉ ਆਇਆ ਸੀ, ਜਿਸ ਕਰਕੇ ਰਾਗੀਆਂ-ਰਬਾਬੀਆਂ ਦੀ ਸੰਤਾਨ ਨੇ, ਕੱਚੀਆਂ ਧੁਨਾਂ ਤੇ ਫਿਲਮੀ ਤਰਜ਼ਾਂ 'ਤੇ ਕੀਰਤਨ ਕਰਨ ਦਾ ਸੌਖਾ ਰਸਤਾ ਲੱਭ ਲਿਆ। ਕਲਾਕਾਰਾਂ ਨੇ ਮਿਹਨਤ ਘੱਟ ਕਰ ਦਿੱਤੀ। ਆਰਥਕ ਸੰਕਟ ਦਾ ਹੱਲ ਕੱਢਣ; ਧਰੁਪਦ-ਧੁਮਾਰ ਤੇ ਖਿਆਲ-ਪੜਤਾਲ ਨੂੰ ਛੱਡ ਕੇ ਫਿਲਮੀ ਗੀਤਾਂ ਤੇ ਲੋਕਗੀਤਾਂ ਦੀਆਂ ਧੁਨਾਂ ਦੀ ਨਕਲ ਕੀਤੀ।

ਕਈ ਸਾਲਾਂ ਤੋਂ ਰੇਡੀਉ ਟੀ.ਵੀ. ਤੋਂ ਹਰਿਮੰਦਰ ਸਾਹਿਬ ਦੇ ਗੁਰਮਤਿ ਸੰਗੀਤ ਦਾ ਸਿੱਧਾ ਪ੍ਰਸਾਰਣ ਹੋ ਰਿਹਾ ਹੈ। ਇਸ ਨਾਲ, ਇਸ ਦੀ ਲੋਕਪ੍ਰਿਅਤਾ ਵਿੱਚ ਵਾਧਾ ਹੋਇਆ ਹੈ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਗੁਰਮਤਿ ਸੰਗੀਤ ਨੂੰ ਇੱਕ ਚੋਣਵੇਂ ਵਿਸ਼ੇ ਵਜੋਂ ਮਾਨਤਾ Recognition (As a Elective Subject) ਵੀ ਪ੍ਰਾਪਤ ਹੈ। ਇਸ ਲਈ ਦੇਸ਼ ਵਿੱਚੋਂ ਕਰੋੜਾਂ ਲੋਕਾਂ ਦਾ ਧਿਆਨ ਇਸ ਪਾਸੇ ਵੱਲ ਰੁਚਿਤ ਹੋ ਰਿਹਾ ਹੈ। ਇਹ ਸਭ ਹਰਿਮੰਦਰ ਸਾਹਿਬ ਦੀ ਪ੍ਰੰਪਰਾ ਦਾ ਇਤਿਹਾਸਿਕ ਅਤੇ ਵਿਲੱਖਣ ਵਿਕਾਸ ਮੰਨਿਆ ਜਾ ਰਿਹਾ ਹੈ।

ਇਸ ਅਮੋਲਕ ਵਿਰਸੇ ਦੀ ਸੁਰੱਖਿਆ-ਸੰਭਾਲ ਕੀਤੀ ਜਾ ਸਕਦੀ ਹੈ, ਜੇਕਰ ਸਿੱਖ ਸਮਾਜ ਦੀਆਂ ਸ਼੍ਰੋਮਣੀ ਜਥੇਬੰਦੀਆਂ ਤੇ ਵਿਦਿਅਕ-ਅਦਾਰੇ ਵੀ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਤਾਂ ਮੁੱਖ ਮੰਤਵ ਸੰਪੂਰਣ ਹੋ ਸਕਦਾ ਹੈ।

## 9 ਪੁਰਾਣੇ ਰਬਾਬੀਆਂ ਦੀ ਸੂਚੀ [15]

1. ਭਾਈ ਰਖਾ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
2. ਭਾਈ ਮੇਹਰਾ ਤੇ ਖੈਰਾ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
3. ਭਾਈ ਖੈਰਾ ਤੇ ਲਾਡਾ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
4. ਭਾਈ ਅਤਰਾ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
5. ਭਾਈ ਜੰਮੂ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
6. ਭਾਈ ਮੇਹਰੂ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
7. ਭਾਈ ਨਥੂ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
8. ਭਾਈ ਖੈਰ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)

14 ਨਿੱਜੀ ਭੇਂਟ ਵਾਰਤਾ ਵਿੱਚੋਂ ਅੰਮ੍ਰਿਤ ਕੀਰਤਨ, ਨਵੰਬਰ-2003, ਪੰਨਾ 11-12
15 ਅੰਮ੍ਰਿਤ ਕੀਰਤਨ, ਨਵੰਬਰ-2003, ਪੰਨਾ 12



9. ਭਾਈ ਈਦੂ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
10. ਭਾਈ ਨਥੂ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
11. ਭਾਈ ਮੌਲੂ (ਕੂਚਾ ਸਰਦਾਰ ਰਣਜੋਧ ਸਿੰਘ, ਅੰਮ੍ਰਿਤਸਰ)
12. ਭਾਈ ਵਾਸੂ (ਗੁਰੂ ਦੀ ਵਡਾਲੀ ਤਹਿਸੀਲ, ਅੰਮ੍ਰਿਤਸਰ)
13. ਭਾਈ ਮੁਲਤਾਨੀ (ਖਡੂਰ ਸਾਹਿਬ, ਤਹਿਸੀਲ, ਤਰਨ ਤਾਰਨ, ਅੰਮ੍ਰਿਤਸਰ)
14. ਭਈ ਚੰਦੂ (ਨਗਰ ਸੁਤਲਾਣੀ ਤਹਿਸੀਲ, ਤਰਨ ਤਾਰਨ)
15. ਭਾਈ ਸੁੰਦਰ (ਕਸਬਾ ਅਟਾਰੀ ਤਹਿਸੀਲ, ਤਰਨ ਤਾਰਨ)
16. ਭਾਈ ਰੂੜਾ (ਕਸਬਾ ਰਾਜਾ ਸਾਂਸੀ ਤਹਿਸੀਲ, ਅਜਨਾਲਾ)
17. ਭਾਈ ਮੌਲਾ (ਕਸਬਾ ਚੱਕਰਾਮ ਦਾਸ ਤਹਿਸੀਲ, ਡਸਕਾ)
18. ਭਾਈ ਫਤੂ (ਮੁਕਾਮ ਤੁੰਗ ਤਹਿਸੀਲ, ਗੁਜਰਾਂਵਾਲਾ)
19. ਠਾਕੁਰ ਬੋਧ ਨੰਦ (ਕਸਬਾ ਪਿੰਡ ਚਾਦਨ ਖਾਂ ਜੇਹਲਮ)
20. ਭਾਈ ਹੀਰਾ (ਮੁਕਾਮ ਬੰਗਾ ਤਹਿਸੀਲ, ਨਵਾਂ ਸ਼ਹਿਰ, ਜਲੰਧਰ)
21. ਭਾਈ ਜੈਮਲ (ਮੁਕਾਮ ਖਾਸ ਕਰਤਾਰਪੁਰ, ਜਲੰਧਰ)
22. ਭਾਈ ਮਹਿਮੂਦ (ਮੁਕਾਮ ਖਾਸ ਕਰਤਾਰਪੁਰ, ਜਲੰਧਰ)
23. ਭਾਈ ਮੰਦੂ (ਮੁਕਾਮ ਖਾਸ ਕਰਤਾਰਪੁਰ, ਜਲੰਧਰ)
24. ਭਾਈ ਫਤੈ ਸਿੰਘ (ਮੁਕਾਮ ਧੁੜੇਤਾ, ਜਲੰਧਰ)
25. ਭਾਈ ਲੋੜੀਂਦਾ (ਮੁਕਾਮ ਸੁਖੋ ਜਿਲ੍ਹਾ ਰਾਵਲਪਿੰਡੀ, ਤਹਿਸੀਲ ਗੁਜਰਖਾਨ)
26. ਭਾਈ ਕਾਲੂ (ਮੁਕਾਮ ਪਸਰੂਰ ਡਾਕਖਾਨਾ ਕੋਟਲੀ, ਰਾਮਦਾਸ ਜੀ)
27. ਭਾਈ ਹੁਸੈਨਾ ਮੌਲੂ (ਬਜ਼ਾਰ ਲੰਡਾ ਮੰਡੀ ਲਾਹੌਰ)
28. ਭਾਈ ਨਥੂ (ਬਾਬਾ ਪਤਾਸਾ ਸਿੰਘ ਜੀ ਦੀ ਧਰਮਸ਼ਾਲਾ, ਗੁਜਰਾਂਵਾਲਾ)
29. ਭਾਈ ਕਰਮਾ (ਮੁਤਸਿਲ ਤਲਾਬ ਨਲਕਿਆਂ ਵਾਲਾ, ਲਾਹੌਰ)
30. ਭਾਈ ਨਥੂ (ਮੁਤਸਿਲ ਤਲਾਬ ਨਲਕਿਆਂ ਵਾਲਾ, ਲਾਹੌਰ)
31. ਭਾਈ ਸਾਂਈਂ ਦਿਤਾ (ਮੁਤਸਿਲ ਤਲਾਬ ਨਲਕਿਆਂ ਵਾਲਾ, ਲਾਹੌਰ)

## 10 ਪੁਰਾਣੇ ਰਾਗੀਆਂ ਦੀ ਸੂਚੀ [16]

1. ਭਾਈ ਗੰਗਾ ਸਿੰਘ (ਠਾਕੁਰ ਦਿਆਲ ਸਿੰਘ ਜੀ ਦੀ ਧਰਮਸ਼ਾਲਾ ਚੌਂਕੀ ਮੋਨੀਆ, ਅੰਮ੍ਰਿਤਸਰ)
2. ਭਾਈ ਹਰੀ ਸਿੰਘ (ਕਸਬਾ ਜਾਮਾਂਬਾਦ ਹਿੰਦੁਸਤਾਨ ਆਜਮਗੜ੍ਹ, ਹਿੰਦੁਸਤਾਨ)
3. ਭਾਈ ਭਾਗ ਸਿੰਘ (ਮੁਕਾਮ ਫਰੂਕਾ ਜਿਲ੍ਹਾ ਜਾਹਰਪੁਰ)
4. ਭਾਈ ਪ੍ਰਤਾਪ ਸਿੰਘ (ਹੈਦਰਾਬਾਦ ਸਿੰਧ)
5. ਭਾਈ ਪਰਾਗ ਸਿੰਘ (ਬਨਾਰਸ ਬੜੀ ਸੰਗਤ, ਕਾਂਸੀ ਬਨਾਰਸ)
6. ਭਾਈ ਸੰਪੂਰਨ ਸਿੰਘ (ਬਨਾਰਸ ਬੜੀ ਸੰਗਤ, ਕਾਂਸੀ ਬਨਾਰਸ)
7. ਭਾਈ ਪ੍ਰੇਮ ਸਿੰਘ (ਮੁਕਾਮ ਸੀਰੇ ਤਹਿਸੀਲ ਫਾਲੀਆ, ਜ਼ਿਲ੍ਹਾ ਗੁਜਰਾਤ)
8. ਭਾਈ ਕੇਸਰ ਸਿੰਘ (ਮੁਕਾਮ ਢਾਂਗੂ, ਡਾਕਖਾਨਾ ਪਠਾਨਕੋਟ, ਜ਼ਿਲ੍ਹਾ ਗੁਰਦਾਸਪੁਰ)
9. ਭਾਈ ਗੰਡਾ ਸਿੰਘ (ਮੁਕਾਮ ਸਿੰਘਪੁਰ, ਡਾਕਖਾਨਾ ਮਾਧੋਪੁਰ, ਜ਼ਿਲ੍ਹਾ ਗੁਰਦਾਸਪੁਰ)

16 ਖਾਲਸਾ ਡਾਇਰੈਕਟਰੀ, ਖ਼ਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ-1900ਈ: ਟ੍ਰੈਕਟ ਨੰ: 58

10. ਭਾਈ ਸ਼ੇਰ ਸਿੰਘ (ਖਾਸ ਗੁਜਰਾਂਵਾਲਾ) 11. ਭਾਈ ਮੂਲ ਸਿੰਘ (ਖਾਸ ਗੁਜਰਾਂਵਾਲਾ)
12. ਭਾਈ ਠਾਕੁਰ ਸਿੰਘ (ਡਾਕਖਾਨਾ ਬੰਗਾ, ਨਗਰ ਬੈਸਾ, ਜ਼ਿਲ੍ਹਾ ਜਲੰਧਰ)
13. ਭਾਈ ਸੁਰਪਤ ਸਿੰਘ (ਨਗਰ ਕਰਤਾਰਪੁਰ, ਤਹਿਸੀਲ, ਜ਼ਿਲ੍ਹਾ ਜਲੰਧਰ)
14. ਭਾਈ ਹਰੀ ਸਿੰਘ, ਭਾਈ ਸਹਿਜ ਸਿੰਘ (ਨਗਰ ਸਾਹ ਜਿਊਣੇ ਤਹਿਸੀਲ ਮਧਿਆਣਾ ਜ਼ਿਲ੍ਹਾ ਝੰਗ)
15. ਭਾਈ ਸਾਧੂ ਸਿੰਘ (ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ)
16. ਭਾਈ ਗੁਲਾਬ ਸਿੰਘ (ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ)
17. ਭਾਈ ਸੁਰਜਣ ਸਿੰਘ (ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ)
18. ਭਾਈ ਚੜ੍ਹਤ ਸਿੰਘ (ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ)
19. ਭਾਈ ਸੁੰਦਰ ਸਿੰਘ (ਰਿਆਸਤ ਪੁਣਛ ਹੰਤਪੁਰਾ, ਨਿਗਰਾਲੀ)
20. ਭਾਈ ਹਰਿਨਾਮ ਸਿੰਘ (ਮੁਕਾਮ ਮੁਕਤਸਰ, ਫਿਰੋਜ਼ਪੁਰ)
21. ਭਾਈ ਬਿਹਾਲ ਸਿੰਘ (ਮੁਕਾਮ ਮੁਰਾਝ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ)
22. ਭਾਈ ਨਰੈਣ ਸਿੰਘ (ਮੁਕਾਮ ਮੁਰਾਝ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ)
23. ਭਾਈ ਹਰੀ ਸਿੰਘ (ਮਕਾਮ ਦੋਧਰ, ਤਹਿਸੀਲ ਮੋਗਾ, ਜ਼ਿਲ੍ਹਾ ਫਿਰੋਜ਼ਪੁਰ)
24. ਭਾਈ ਤਾਰਾ ਸਿੰਘ (ਕਸਬਾ ਹਜ਼ਾਰਾ, ਜ਼ਿਲ੍ਹਾ ਮਿੰਟਗੁਮਰੀ, ਮਿੰਟਗੁਮਰੀ)
25. ਭਾਈ ਨਰੈਣ ਸਿੰਘ (ਖਾਸ ਸਖੋ, ਤਹਿਸੀਲ ਗੁਜਰਖਾਨਾ, ਰਾਵਲਪਿੰਡੀ)
26. ਭਾਈ ਪ੍ਰਤਾਪ ਸਿੰਘ (ਮਤਸਲ ਮਸਜਦ ਵਜੀਰ ਖਾਂ, ਲਾਹੌਰ)
27. ਭਈ ਮੀਰ ਸਿੰਘ ਤੇ ਗੁਰਮੁਖ ਸਿੰਘ (ਮੁਲਤਾਨੀ ਦੁਲੂ, ਡਾਕ ਰਾਇ ਮੁਗ਼ਲ ਤਹਿਸੀਲ ਚੂਨੀਆਂ ਲਾਹੌਰ)
28. ਭਈ ਫਤੇ ਸਿੰਘ, ਖਜਾਨ ਸਿੰਘ (ਮੁਕਾਮ ਭੋਇਆ ਡਾਕ. ਭਾਈ ਫੇਰੂ ਜ਼ਿਲ੍ਹਾ ਲਾਹੌਰ)
29. ਭਾਈ ਨਿਹਾਰ ਸਿੰਘ (ਗੁਰਦੁਆਰਾ ਜਨਮ ਅਸਥਾਨ ਲਾਹੌਰ)
30. ਭਾਈ ਹਜ਼ਾਰਾ ਸਿੰਘ (ਮੁਕਾਮ ਖਾਸ ਮਾਗਟ)

ਇਸ ਵਿਚ ਕੋਈ ਸ਼ੱਕ ਨਹੀਂ ਕਿ 18ਵੀਂ, 19ਵੀਂ ਤੇ 20ਵੀਂ ਸਦੀ ਵਿਚਲੇ ਲਗਪਗ ਸਾਰੇ ਹੀ 'ਰਾਗੀ-ਰਬਾਬੀ-ਜਥੇ' ਗੁਰ ਸੰਗੀਤ ਦੀਆਂ ਪ੍ਰਮੁੱਖ ਸ਼ੈਲੀਆਂ: ਧਰੁਪਦ, ਧਮਾਰ, ਵਿਲੰਬਤ ਖਿਆਲ, ਦਰੁੱਤ ਖਿਆਲ ਚਤੁਰੰਗ, ਪੜਤਾਲ, ਸਲੋਕ, ਪਉੜੀ, ਵਾਰ, ਛੰਦ, ਟੱਪਾ ਤੇ ਸਵੈਯੇ ਆਦਿ ਦਾ ਗਾਇਨ ਤਾਨਪੁਰਾ/ ਸੁਰਮੰਡਲ/ ਰਬਾਬ/ ਸਰੰਦਾ/ ਤਾਊਸ/ ਮ੍ਰਿਦੰਗ/ ਪਖਾਵਜ ਜਾਂ ਤਬਲਾ ਆਦਿ ਸਾਜ਼ਾਂ ਨਾਲ ਕੀਰਤਨ ਕਰਦੇ ਸਨ। 1947 ਤੋਂ ਬਾਅਦ 'ਕੀਰਤਨ-ਪ੍ਰਥਾ' ਵਿਚ ਕ੍ਰਿਤ-ਰੁਝਾਨ ਆਰੰਭ ਹੋਏ।[17]

ਪ੍ਰਿੰਸੀਪਲ ਦਿਆਲ ਸਿੰਘ ਲਿਖਦੇ ਹਨ ਕਿ 70-80 ਸਾਲ ਪਹਿਲਾਂ ਕੀਰਤਨ ਕਰਨ ਦੀ ਇੱਕ ਮਰਿਯਾਦਾ ਸੀ। ਭਾਵ ਜਦੋਂ ਤੱਕ ਕੋਈ ਵੀ ਰਾਗੀ ਸਿੰਘ, ਆਦਿ ਗ੍ਰੰਥ ਦੇ ਰਾਗਾਂ ਵਿੱਚ: 'ਧਰੁਪਦ-ਧੁਮਾਰ' ਪੜਤਾਲਾਂ ਆਦਿ ਗਾਇਨ ਕਰਕੇ, ਸੰਗਤਾਂ ਵਿਚ ਆਪਨਾ ਪ੍ਰਭਾਵ ਨਹੀਂ ਸੀ ਪਾਉਂਦਾ, ਉਦੋਂ ਤੱਕ ਉਸ ਰਾਗੀ-ਜਥੇ ਨੂੰ ਮੁੱਖ ਸਟੇਜ ਤੋਂ ਗਾਉਣ ਦੀ ਆਗਿਆ ਨਹੀਂ ਸੀ ਮਿਲਦੀ। ਪਰ ਮੌਜੂਦਾ ਸਮੇਂ ਵਿੱਚ ਐਸਾ ਕੋਈ ਨਿਯਮ ਨਹੀਂ ਹੈ। ਕੀਰਤਨ ਕਰਨਾ ਹੈ ਭਾਵੇਂ ਉਹ ਬੇਸੁਰਾ ਜਾਂ ਬੇਤਾਲਾ ਹੋਵੇ, ਕੀਰਤਨ ਕਰਨਾ ਹੈ। ਇਕੋ ਸ਼ਰਤ ਹੈ ਕਿ ਤਨਖਾਹ ਘੱਟ

17 ਖਾਲਸਾ ਡਾਇਰੈਕਟਰੀ, ਖ਼ਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ-1900ਈ: ਟ੍ਰੈਕਟ ਨੰ: 58
18 ਅੰਮ੍ਰਿਤ ਕੀਰਤਨ, ਨਵੰਬਰ-2003, ਪੰਨਾ 8



ਲਵੇ ਤੇ ਪ੍ਰਬੰਧਕਾਂ ਦੀ ਹਜ਼ੂਰੀ ਕਰਨ ਵਿੱਚ ਮਾਹਿਰ ਹੋਵੇ। ਕੀਰਤਨ ਤੋਂ ਬਾਅਦ ਜੋ ਮਰਜ਼ੀ ਕਰਦਾ ਫਿਰੇ।[18]

ਪੰਜਾਬ ਅਤੇ ਸੰਪੂਰਣ ਉੱਤਰ ਭਾਰਤੀ ਸੰਗੀਤ ਵਿੱਚ ਵੀ 15ਵੀਂ ਤੋਂ 18ਵੀਂ ਸਦੀ ਤੱਕ, ਮ੍ਰਿਦੰਗ-ਪਖਾਵਜ ਦੀ ਸੰਗਤ ਅਤੇ ਧਰੁਪਦ-ਧਮਾਰ ਗਾਇਕੀ ਦੀ ਲੋਕਪ੍ਰਿਅਤਾ ਸੀ। ਸ੍ਰੀ ਹਰਿਮੰਦਰ (ਦਰਬਾਰ ਸਾਹਿਬ) ਵਿਖੇ ਵੀ 17ਵੀਂ, 18ਵੀਂ ਤੇ 19ਵੀਂ ਸਦੀ ਤੋਂ ਪੰਜ ਦਹਾਕੇ ਬਾਅਦ ਵੀ, ਸ਼ਾਸਤਰੀ-ਸੰਗੀਤ ਦੀਆਂ ਪੁਰਾਤਨ ਸ਼ੈਲੀਆਂ ਦੇ ਨਾਲ (ਧਰੁਪਦ-ਧਮਾਰ-ਖਿਆਲ-ਟੱਪਾ-ਪੜਤਾਲ) ਇਹੀ ਪ੍ਰੰਪਰਾ ਰਹੀ ਸੀ। ਕੇਵਲ 20ਵੀਂ ਸਦੀ ਦੇ ਮੱਧ ਭਾਗ ਤੋਂ-ਹਰਮੋਨੀਅਮ, ਤਬਲਾ ਦੀ ਵਰਤੋਂ ਆਰੰਭ ਹੋ ਗਈ ਜਿਸ ਦੇ ਨਾਲ-ਨਾਲ ਤੰਤੀ ਸਾਜ਼ਾਂ (ਤਾਰਾਂ ਵਾਲੇ ਸਾਜ਼ਾਂ) ਦੀ ਵਰਤੋਂ ਲਗਭਗ ਬੰਦ ਹੋ ਗਈ ਸੀ। ਫਿਰ ਵੀ ਇੱਕ ਪ੍ਰਸੰਸਾਜਨਕ ਪੱਖ ਇਹ ਸੀ ਕਿ ਦਰਬਾਰ ਸਾਹਿਬ ਦੇ ਰਾਗੀਆਂ ਨੇ 'ਧਰੁਪਦ-ਧਮਾਰ' ਤੇ ਖਿਆਲ-ਗਾਇਕੀ ਦਾ ਤਿਆਗ ਨਹੀਂ ਕੀਤਾ। ਭਾਵੇਂ ਪਿਛਲੇ ਕੁਝ ਸਮੇਂ ਤੋਂ ਕੁਝ ਨਵੇਂ ਰਾਗੀ-ਜਥੇ: ਫਿਲਮੀ ਤਰਜ਼ਾਂ 'ਤੇ ਨੱਚਣ-ਟੱਪਣ ਵਾਲੇ ਗੀਤਾਂ ਦੀਆਂ ਧੁਨਾਂ ਤੇ ਵੀ ਗਾਉਣ ਲਗ ਪਏ ਸਨ, ਪ੍ਰੰਤੂ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਸਥਾਪਤ ਕੀਤੀ ਜਵੱਦੀ ਟਕਸਾਲ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਵੱਲੋਂ ਕੀਤੇ ਗਏ ਯਤਨਾਂ ਦੇ ਕਾਰਣ, ਉਸ ਰੁਝਾਣ ਨੂੰ ਹੁਣ ਤਕ ਕੁਝ ਠੱਲ੍ਹ ਪਈ ਹੈ। ਤੰਤੀ-ਸਾਜ਼ਾਂ ਦੀ ਵਰਤੋਂ, ਨਿਰਧਾਰਿਤ ਰਾਗਾਂ ਦੀ ਵਰਤੋਂ ਅਤੇ ਮੱਧ-ਸ਼ਾਸਤਰੀ-ਸ਼ੈਲੀਆਂ ਦੀ ਗਾਇਕੀ ਬਾਰੇ ਰਾਗੀ-ਰਬਾਬੀ ਚੇਤੰਨ ਹੋ ਗਏ ਹਨ। (ਕੇਵਲ ਦੋ-ਤਿੰਨ ਕੀਰਤਨੀ ਜਥਿਆਂ ਨੂੰ ਛੱਡ ਕੇ) ਪੰਜਾਬੀ ਬਾਜ, ਪੰਜਾਬੀ ਠੁਮਰੀ, ਪੰਜਾਬੀ ਗਾਇਕੀ, ਪੰਜਾਬੀ ਘਰਾਣੇ ਅਤੇ ਧਰੁਪਦ ਗਾਇਕੀ ਤੇ ਪੜਤਾਲ-ਗਾਇਕੀ ਵਿੱਚ ਅੱਜ ਵੀ ਪੰਜਾਬ ਅਤੇ ਇਸ ਦੇ ਰਾਗੀਆਂ-ਰਬਾਬੀਆਂ ਦਾ ਕੋਈ ਮੁਕਾਬਲਾ ਨਹੀਂ।

## ਗੁਰਮਤਿ ਸੰਗੀਤ ਵਿੱਚ ਧਰੁਪਦ ਗਾਇਕੀ ਤੇ ਧਰੁਪਦ

### 1.1 ਗਾਇਕਾਂ ਦਾ ਯੋਗਦਾਨ

12ਵੀਂ ਸਦੀ ਤੋਂ 19ਵੀਂ ਸਦੀ ਦੇ ਅਨੇਕਾਂ ਭਗਤਾਂ, ਕਵੀਆਂ ਤੇ ਸੰਗੀਤਕਾਰਾਂ ਨੇ 'ਧਰੁਪਦ' ਦੀਆਂ ਰਚਨਾਵਾਂ (ਗੀਤ-ਕਾਵਿ) ਵੀ ਲਿਖੀਆਂ ਤੇ ਉਨ੍ਹਾਂ ਨੂੰ 'ਰਾਗ-ਬੱਧ' ਕਰਕੇ, ਧਰੁਪਦ-ਗਾਇਕੀ ਨੂੰ ਲੋਕਪ੍ਰਿਅ ਬਣਾਇਆ। ਜਿਵੇਂ ਸੂਰਦਾਸ, ਮੀਰਾਂ, ਕਬੀਰ, ਤੁਲਸੀ, ਸਵਾਮੀ ਹਰਿਦਾਸ ਤੇ ਗੁਰੂ ਨਾਨਕ ਦੇਵ ਜੀ ਆਦਿ। ਧਰੁਪਦ ਦੀਆਂ ਕਾਵਿ-ਰਚਨਾਵਾਂ ਦੀ ਕੁਲ ਗਿਣਤੀ ਲਗਪਗ ਢਾਈ ਹਜ਼ਾਰ ਤੋਂ ਉੱਪਰ ਹੈ ਅਤੇ ਧਰੁਪਦ ਗਾਇਕੀ ਦੇ ਸੰਗੀਤਕਾਰਾਂ ਦੀ ਗਿਣਤੀ ਵੀ ਅੰਦਾਜਨ (12ਵੀਂ ਤੋਂ 20ਵੀਂ ਸਦੀ ਤੱਕ) 1500 ਤੋਂ ਘੱਟ ਨਹੀਂ ਹੈ। ਜਿਨ੍ਹਾਂ ਵਿੱਚੋਂ ਪ੍ਰਸਿੱਧ ਗਾਇਕਾਂ, ਸੰਤਾਂ, ਕਵੀਆਂ+ਗਾਇਕਾਂ, ਸੰਗੀਤ ਉਸਤਾਦਾਂ ਅਤੇ ਰਾਗੀਆਂ-ਰਬਾਬੀਆਂ ਨੂੰ ਮਿਲਾ ਕੇ 200 ਦੇ ਲਗਪਗ ਬਣਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ, ਜ਼ਿਆਦਾ ਰਚਨਾਕਾਰਾਂ ਨੇ, ਧਰੁਪਦ ਲਿਖੇ ਵੀ ਤੇ ਕੀਰਤਨ ਵਿੱਚ ਗਾਏ ਵੀ ਸਨ। ਪ੍ਰਥਮ ਗੁਰੂ ਨਾਨਕ ਦੇਵ ਜੀ ਨੇ 16 ਰਾਗਾਂ ਵਿੱਚ 116 ਅਸ਼ਟਪਦੇ ਲਿਖ ਕੇ 'ਧਰੁਪਦ' ਦੀ 'ਨੀਂਹ' ਰੱਖੀ। ਅਸ਼ਟਪਦ ਤੋਂ ਅੱਠ ਪਦਾਂ ਜਾਂ ਅੱਠ ਤੁਕਾਂ ਦਾ ਸਮੂਹ ਬਣਦਾ ਹੈ ਜੋ ਕਿ ਧਰੁਪਦ ਗਾਇਕੀ ਦੇ ਚਾਰ ਭਾਗ: ਸਥਾਈ, ਅੰਤਰਾ, ਸੰਚਾਰੀ, ਅਭੋਗ, ਵਿੱਚ ਮੁਕੰਮਲ ਹੁੰਦਾ ਹੈ। 'ਰਹਾਉ' ਵਾਲੀ ਪੰਗਤੀ ਨੂੰ ਸੰਗੀਤ ਵਿੱਚ 'ਸਥਾਈ' ਕਿਹਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਧਰੁਪਦ' ਦੀਆਂ ਸੈਂਕੜੇ ਤੋਂ ਇਲਾਵਾ ਹੋਰ ਵੀ ਸੰਤ-ਕਵੀਆਂ-ਭਗਤਾਂ ਦੀਆਂ ਰਚਨਾਵਾਂ ਸ਼ਾਮਲ ਹਨ। ਗੁਰਮਤਿ ਸੰਗੀਤ ਦੀ ਸਿੱਖਿਆ ਵਿੱਚ 'ਧਰਪੁਦ ਗਾਇਕੀ' ਇੱਕ ਮਹੱਤਵਪੂਰਣ ਇਕਾਈ ਹੈ, ਜਿਸ ਨੂੰ ਦ੍ਰਿਸ਼ਟਗਤ ਕਰਨਾ ਜ਼ਰੂਰੀ ਹੈ।

ਇਹੀ ਕਾਰਣ ਹੈ ਕਿ 18ਵੀਂ, 19ਵੀਂ ਤੇ 20ਵੀਂ ਸਦੀ ਸੰਗੀਤਕਾਰ-ਗਾਇਕ-ਕੀਰਤਨੀਏਂ (ਰਾਗੀ-ਰਬਾਬੀ) ਸਭ ਨੇ ਹੀ ਕੀਰਤਨ ਦੇ ਆਰੰਭਿਕ: ਡੰਡੌਤ-ਬੰਦਨਾ ਦੇ ਨਾਲ-ਨਾਲ ਪ੍ਰਥਮ ਧਰੁਪਦ ਗਾਇਕੀ ਦੀਆਂ ਰਚਨਾਵਾਂ ਗਾਈਆਂ ਤੇ ਅਨੇਕਾਂ ਕੀਰਤਨ ਪ੍ਰਵੀਣ ਰਾਗੀਆਂ ਨੇ ਗੁਰਮਤਿ ਸੰਗੀਤ ਦੀਆਂ ਪੁਸਤਕਾਂ (ਸੁਰਲਿੱਪੀ-ਬੰਦਿਸ਼ਾਂ) ਵੀ ਲਿਖੀਆਂ ਤੇ ਛਪਵਾਈਆਂ। ਇਨ੍ਹਾਂ ਵਿੱਚੋਂ ਕੁਝ ਪ੍ਰਸਿੱਧ ਪੁਸਤਕਾਂ ਦੇ ਨਾਮ ਇਸ ਪ੍ਰਕਾਰ ਹਨ।[19] ਜਿਵੇਂ ਪ੍ਰਸਿੱਧ ਸੰਗੀਤਕਾਰ ਸ੍ਰੀ ਦਲੀਪ ਚੰਦਰ ਨੇ ਵੇਦੀ ਜੀ ਨੇ ਇੱਕ ਮੁਲਾਕਾਤ ਦੌਰਾਨ, ਪੰਜਾਬ ਦੇ ਰਿਆਸਤੀ ਕਲਾਕਾਰਾਂ ਬਾਰੇ ਕਈ ਹਵਾਲੇ ਦਿੰਦੇ ਹੋਏ ਕਿਹਾ ਕਿ, "ਪੰਜਾਬ ਵਿੱਚ ਧਰੁਪਦ, ਧਮਾਰ, ਖਿਆਲ, ਟੱਪਾ, ਚਤੁਰੰਗ, ਠੁਮਰੀ ਅਤੇ 'ਕਵੀਸ਼ਰੀ ਤੇ ਢਾਡੀ ਕਲਾ ਵਾਰ-ਗਾਇਨ ਦੇ ਮਾਹਿਰ' ਰਾਗੀ-ਰਬਾਬੀ (18ਵੀਂ ਤੇ 19ਵੀਂ ਸਦੀ) ਵਿੱਚ ਅਨੇਕਾਂ ਹੀ ਸਨ, ਜਿਵੇਂ:

ਪੰਡਿਤ ਕਾਕਾ ਰਾਮ, ਭਾਈ ਹਰਿਨਾਮ ਦਾਸ ਪਖਾਵਜੀ, ਉਸਤਾਦ ਫਤਹਿ ਅਲੀ ਖਾਂ (ਪਟਿਆਲਾ) ਉਸਤਾਦ ਅਲੀਬਖਸ਼ (ਕਸੂਰ), ਧਰੁਪਦ ਦੇ ਉਸਤਾਦ ਪੰਡਿਤ ਅਮੀਰ ਚੰਦ ਉਰਫ ਪੰਡਿਤ ਅਮੀਰ ਚੰਦ ਕਪੂਰਥਲਾ ਦੇ ਉਸਤਾਦ ਨਾਸਿਰ ਅਲੀ (ਸਿਤਾਰ ਵਾਦਕ) ਉਮਾਦੱਤ ਸ਼ਰਮਾ ਅਤੇ ਉਸਤਾਦ ਲਲਿਤਾ ਹੁਸੈਨ ਖਾਂ ਸਾਹਿਬ, ਧਰੁਪਦ ਗਾਇਕ ਸ਼ਿਵ ਕੁਮਾਰ ਸ਼ਰਮਾ (ਸੰਤੂਰ ਵਾਦਕ) ਆਦਿ ਅਨੇਕਾਂ ਪ੍ਰਕਾਰ ਦੇ ਸੰਗੀਤ ਉਸਤਾਦ ਸਨ।[20]

ਭਾਈ ਗੁਰਮੁਖ ਸਿੰਘ ਸੌਦਾਗਰ (ਅੰਮ੍ਰਿਤਸਰ) ਭਾਈ ਚਾਂਦ ਰਬਾਬੀ ਦੇ ਸ਼ਾਗਿਰਦ ਸਨ ਜਿਨ੍ਹਾਂ ਦੇ ਸਮਕਾਲੀਨ ਭਾਈ ਹਰਸਾ ਸਿੰਘ ਜੀ ਧਰੁਪਦੀਏ (ਦੋਵੇਂ ਧਰੁਪਦ ਗਾਇਕ) ਨੂੰ ਸੈਂਕੜੇ ਧਰੁਪਦ-ਰਚਨਾਵਾਂ ਜ਼ੁਬਾਨੀ-ਕੰਠ ਸਨ। ਇਵੇਂ ਹੀ ਉਸ ਕਾਲ ਦੇ ਰਾਗੀਆਂ-ਰਬਾਬੀਆਂ ਵਿੱ ਧਰੁਪਦ-ਗਾਇਕੀ ਦੀ ਪ੍ਰਵਿਨਤਾ ਸੀ ਜਿਵੇਂ ਉਸ ਕਾਲ ਦੇ ਭਾਈ ਉੱਤਮ ਸਿੰਘ ਜੀ, ਇੱਕ ਸਰਵ-ਸ੍ਰੇਸ਼ਠ ਰਾਗੀ ਸਨ ਜਿਨ੍ਹਾਂ ਕੋਲ ਅਨੇਕਾਂ ਤਾਲਾਂ ਵਿੱਚ, ਧਰੁਪਦ ਦੀਆਂ ਉੱਚਕੋਟੀ ਦੀਆਂ ਰਚਨਾਵਾਂ ਉਪਲਬਧ ਸਨ। ਇਹ ਖਿਆਲ ਗਾਇਕੀ ਵਿੱਚ ਮੀਆਂ ਪੀਰ ਬਖਸ਼ (ਤਾਨਰਸ ਖਾਂ ਦੇ ਸ਼ਿਸ) ਦੇ ਸ਼ਿਸ਼ ਸਨ। ਦਿਲਰੁਬਾ ਵਜਾਉਣ ਵਿੱਚ ਵੀ ਪ੍ਰਵੀਣਤਾ ਹਾਸਲ ਸੀ। ਧਨ ਕਮਾਉਣ ਲਈ ਕੀਰਤਨ ਨਹੀਂ ਕਰਦੇ ਸਨ। ਗੁਰਮਤਿ ਪ੍ਰਚਾਰਕ ਵਿਦਿਆਲਾ, ਕੈਰੋਂ ਨਗਰ ਵਿੱਚ, ਕਈ ਦਹਾਕੇ ਕੀਰਤਨ ਦੀ ਉੱਚਕੋਟੀ ਦੀ ਸਿੱਖਿਆ ਪ੍ਰਦਾਨ ਕੀਤੀ ਜਿਥੇ ਅਨੇਕਾਂ ਹੀ ਪ੍ਰਸਿੱਧ ਤੇ ਗੁਣੀ-ਗਾਇਕ, ਭਾਈ ਸੁੰਦਰ ਸਿੰਘ ਸ਼ਹੀਦ ਅਤੇ ਸ੍ਰੀ ਦਲੀਪ ਚੰਦਰ ਵੇਦੀ ਵਰਗੇ ਵਿਦਵਾਨਾਂ ਨੇ, ਸੰਗੀਤ ਦੀ ਤਾਲੀਮ ਹਾਸਲ ਕੀਤੀ। ਭਾਈ ਉੱਤਮ ਸਿੰਘ ਜੀ-ਧਰੁਪਦ, ਖਿਆਲ ਤੇ ਤਰਾਨਾ ਗਾਇਕੀ ਗਾਉਣ ਵਿੱਚ ਅਤੇ ਦਿਲਰੁਬਾ ਵਜਾਉਣ ਵਿੱਚ ਵੀ ਪ੍ਰਵੀਣ ਸਨ। ਉਨ੍ਹਾਂ ਦੇ ਅਨੇਕਾਂ ਸ਼ਿਸ਼, ਬਾਅਦ ਵਿੱਚ ਪ੍ਰਸਿੱਧ ਹੋਏ ਜਿਵੇਂ:[21]

ਭਾਈ ਸੁੰਦਰ ਸਿੰਘ ਸ਼ਹੀਦ, ਭਾਈ ਸ਼ੇਰ ਸਿੰਘ (ਗੁਜਰਾਂਵਾਲੇ), ਭਾਈ ਜਵਾਲਾ ਸਿੰਘ ਜੀ (ਜੰਮੂ ਵਾਲੇ), ਭਾਈ ਰੂਪ ਸਿੰਘ ਜੀ (ਅੰਮ੍ਰਿਤਸਰ), ਭਾਈ ਅਮੀਰ ਸਿੰਘ ਜੀ, ਭਾਈ ਸੰਤੂ

19 ਪੰਜਾਬ ਦੀ ਸੰਗੀਤ ਪਰੰਪਰਾ (ਹਿੰਦੀ) 1988 ਪੰਨਾ-161

20 ਡਾ.ਡੀ.ਐਸ. ਨਰੂਲਾ, ਗੁਰੂ ਨਾਨਕ ਸੰਗੀਤਗਯ (ਹਿੰਦੀ) 1978, ਜਲੰਧਰ ਪੰਨਾ-149-50

21 ਗੁਰੂ ਨਾਨਕ ਸੰਗੀਤਗਯ, ਡਾ.ਡੀ.ਐਸ. ਨਰੂਲਾ ਪੀ.ਐਚ.ਡੀ. ਖੋਜ ਪੱਤਰ (1970-72) ਪ੍ਰਕਾਸ਼ਿਤ ਨਿਊ ਬੁੱਕ ਕੰਪਨੀ ਜਲੰਧਰ-1978, ਪੰਨਾ 149-50



ਰਬਾਬੀ, ਭਾਈ ਅੱਲ੍ਹਾ ਰੱਖਾ, ਭਾਈ ਵਧਾਵਾ (ਵੱਡੇ ਰਬਾਬੀ) ਭਾਈ ਅਤਰਾ ਸਿੰਘ, ਭਾਈ ਮੋਤੀ, ਭਾਈ ਅਰੂੜਾ, ਭਾਈ ਲਾਲ (ਅੰਮ੍ਰਿਤਸਰ) ਆਦਿ ਅਨੇਕਾਂ ਰਾਗੀਆਂ-ਰਬਾਬੀਆਂ ਦਾ ਯੋਗਦਾਨ ਵੀ ਧਰੁਪਦ-ਗਾਇਕੀ ਦੁਆਰਾ, ਗੁਰਮਤਿ ਸੰਗੀਤ ਦੇ ਵਿਕਾਸ ਤੇ ਇਤਿਹਾਸ ਵਿੱਚ ਪ੍ਰਾਪਤ ਹੋਇਆ।[22]

ਇਹੀ ਕਾਰਨ ਹੈ ਕਿ ਵਰਤਮਾਨ-ਸੰਦਰਭ ਵਿੱਚ, ਹਿੰਦੁਸਤਾਨੀ ਸੰਗੀਤ ਵਿੱਚੋਂ, ਧਰੁਪਦ ਗਾਇਕੀ ਦੀ ਲੋਕਪ੍ਰਿਅਤਾ, ਗਾਇਬ (ਗੁੰਮ) ਹੈ, ਪ੍ਰੰਤੂ ਕਰਨਾਟਕੀ ਸੰਗੀਤ (ਅਸ਼ਟਪਦ) ਅਤੇ ਗੁਰਮਤਿ ਸੰਗੀਤ ਵਿੱਚ: ਧਰੁਪਦ, ਧਮਾਰ, ਖਿਆਲ ਤੇ ਪੜਤਾਲ (ਗੁਰ.ਸੰ.ਦੀ. ਮੌਲਿਕ ਸ਼ੈਲੀ) ਆਦਿ ਉੱਚਕੋਟੀ ਦੀਆਂ ਸ਼ੈਲੀਆਂ ਅੱਜ ਵੀ ਪ੍ਰਚੱਲਿਤ ਹਨ। ਗੁਰਮਤਿ-ਸੰਗੀਤ ਨੇ ਭਾਰਤੀ-ਸੰਗੀਤ ਦੀ ਸੁਰੱਖਿਆ-ਸੰਭਾਲ ਵੀ ਕੀਤੀ ਅਤੇ ਨਾਲ ਹੀ ਭਗਤੀ ਸੰਗੀਤ ਧਾਰਾ ਦੇ ਵਿਕਾਸ ਨੂੰ ਵੀ ਕਾਇਮ ਰੱਖਿਆ। ਉਪਰੋਕਤ ਪੱਖ ਤੋਂ ਬਾਕੀ ਸ਼ੈਲੀਆਂ ਨਾਲੋਂ; ਧਰੁਪਦ ਗਾਇਨ ਸ਼ੈਲੀ ਦਾ ਗੁਰਮਤਿ ਸੰਗੀਤ ਵਿੱਚ ਯੋਗਦਾਨ ਅਤੇ ਪ੍ਰਚੱਲਿਤ ਹੋਣਾ, ਮਹੱਤਵਪੂਰਣ ਬਾਤ ਹੈ।

ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਆਰੰਭਿਕ ਅਦੁੱਤੀ ਗੁਰਮਤਿ ਸੰਗੀਤ-ਸੰਮੇਲਨ ਅਤੇ ਸੰਗੀਤ-ਸੈਮੀਨਾਰ ਲੜੀ ਨੂੰ ਨਵੇਂ ਸਿਰੇ ਤੋਂ ਜੋੜਨ ਵਾਲੇ ਅਤੇ ਉਸ ਇਤਿਹਾਸਿਕ ਸੋਚ ਦੀ ਸੁਰੱਖਿਆ-ਸੰਭਾਲ, ਵਿਕਾਸ, ਪ੍ਰਚਾਰ ਤੇ ਪ੍ਰਸਾਰ ਦਾ ਮਹਾਨ ਕਾਰਜ ਪਿਛਲੇ ਦੋ-ਸਾਲਾਂ ਤੋਂ, ਸੰਤ ਗਿਆਨੀ ਅਮੀਰ ਸਿੰਘ ਜੀ, ਜਵੱਦੀ (ਲੁਧਿਆਣਾ) ਨੂੰ ਸੰਗਤਾਂ ਵੱਲੋਂ ਬੇਨਤੀ ਤੇ ਅਸੀਸ ਨਾਲ ਆਰੰਭ ਕਰ ਦਿੱਤਾ ਸੀ ਤੇ ਆਰੰਭ ਵਿੱਚ-ਵਿੱਚ, ਰਾਗ-ਮਾਲਾ ਦੇ 84-ਰਾਗਾਂ ਵਿੱਚ 'ਭੱਟਾਂ ਦੇ ਸਵੱਈਏ' ਆਦਿ ਦਾ ਗਾਇਨ ਕਰਕੇ, ਨਵਾਂ ਮੀਲ-ਪੱਥਰ ਰੱਖ ਦਿੱਤਾ।

## 1.2 ਗਾਇਕੀ ਦਾ ਯੋਗਦਾਨ

1) ਧਰੁਪਦ ਗਾਇਕ: 'ਧਰੁਪਦ-ਗਾਇਕੀ' ਵਿੱਚ ਰਾਗ-ਨਿਯਮਾਂ' ਦਾ ਪੂਰਾ ਧਿਆਨ ਰੱਖ ਕੇ - ਸੰਗੀਤ-ਬੰਦਿਸ਼ਾਂ ਤੇ ਸੁਰੱਖਿਆ ਦੀ ਰਚਨਾ ਕਰਦੇ ਸਨ। ਇਸੇ ਕਾਰਣ ਗੁਰਮਤਿ ਸੰਗੀਤ ਦੀ 'ਮੌਲਿਕਤਾ' ਅਤੇ 'ਰਾਗਾਂ ਦੀ ਸ਼ੁੱਧਤਾ' ਹੁਣ ਤੱਕ ਕਾਇਮ ਹੈ। ਰੰਗ-ਪਰੰਪਰਾ ਦੀ ਹੁਣ ਤੱਕ ਵਿਕਾਸਸ਼ੀਲਤਾ ਬਣੀ ਹੋਈ ਹੈ।
2) ਕਠਿਨ ਅਤੇ ਵਿਕਟ-ਤਾਲਾਂ ਦੀ ਵਰਤੋਂ ਵੀ ਗੁਰਮਤਿ ਸੰਗੀਤ ਵਿੱਚ ਹੁਣ ਤੱਕ ਦੀ 'ਧਰੁਪਦ-ਗਾਇਕੀ' ਲਈ ਕੀਤੀ ਗਈ ਹੈ। ਜਿਵੇਂ: ਮੱਤਤਾਲ, ਸਵਾਰੀ, ਫਰੋਦਸਤ, ਬ੍ਰਹਮਤਾਲ, ਰੁੱਦਰ-ਤਾਲ ਪਸ਼ਤੋ-ਤਾਲ, ਤੇਵਰਾ-ਤਾਲ, ਸੂਲ-ਤਾਲ, ਚਾਰ-ਤਾਲ, ਧਮਾਰ-ਤਾਲ, ਦੀਪਚੰਦੀ। *ਵਿਭਿੰਨ ਸ਼ੈਲੀਆਂ* :-ਚੰਚਲ, ਤਲਵਾੜਾ, ਝੂਮਰਾ, ਗਣੇਸ਼-ਤਾਲ, ਵਿਕ੍ਰਮ-ਤਾਲ, ਗਜਝੰਪਾ, ਸ਼ਿਖਰ-ਤਾਲ, ਬਸੰਤ-ਤਾਲ, ਵਿਸ਼ਣੂ-ਤਾਲ, ਮਣੀ-ਤਾਲ, ਟੱਪਾ-ਤਾਲ, ਅੱਧਾ-ਤੀਨਤਾਲ, ਲਖਸ਼ਮੀ ਤਾਲ, ਕੱਵਾਲੀ-ਤਾਲ (8-ਮਾਤ੍ਰਾ) ਆਦਿ।
3) ਧਰੁਪਦ ਦੇ ਨਾਲ-ਨਾਲ ਧਮਾਰ-ਗਾਇਨ ਸ਼ੈਲੀ ਦਾ ਪ੍ਰਚੱਲਨ ਵੀ ਪੰਜਾਬ ਦੇ ਸੰਗੀਤ ਅਤੇ ਗੁਰਮਤਿ-ਸੰਗੀਤ ਵਿੱਚ ਬਰਾਬਰ ਹੋ ਰਿਹਾ ਹੈ। ਨੀਂਹ ਮਜ਼ਬੂਤ ਹੋਣ ਕਾਰਨ ਹੋਰ ਸ਼ੈਲੀਆਂ ਨੂੰ ਵੀ ਬਾ-ਖ਼ੂਬੀ ਗਾਇਆ ਜਾ ਰਿਹਾ ਹੈ।
4) ਭਾਰਤੀ ਸੰਗੀਤ ਦੀ ਸਿੱਖਿਆ ਦਾ 'ਮੂਲ-ਆਧਾਰ' ਧਰੁਪਦ-ਧਮਾਰ ਪਹਿਲੇ ਨੰਬਰ

22 ਗੁਰੂ ਨਾਨਕ ਸੰਗੀਤਗਯ, ਡਾ.ਡੀ.ਐਸ. ਨਰੂਲਾ ਪੀ.ਐਚ.ਡੀ. ਖੋਜ ਪੱਤਰ (1970-72) ਪ੍ਰਕਾਸ਼ਿਤ ਨਿਊ ਬੁੱਕ ਕੰਪਨੀ ਜਲੰਧਰ-1978, ਪੰਨਾ 150-52

’ਤੇ ਮੰਨਿਆ ਗਿਆ ਹੈ ਅਤੇ ‘ਖ਼ਿਆਲ ਤੇ ਟੱਪਾ’ ਦੂਜੇ ਨੰਬਰ ’ਤੇ ਮੰਨੇ ਜਾਂਦੇ ਹਨ। ਤਰਾਨਾ-ਪੜਤਾਲ ਤੇ ਠੁਮਰੀ ਦਾ ਸਥਾਨ ਤੀਜੇ ਨੰਬਰ ’ਤੇ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰਮਤਿ-ਸੰਗੀਤ ਵਿੱਚ ਧਰੁਪਦ-ਧਮਾਰ ਵਰਗੀ ਕਠਿਨ ਗਾਇਕੀ ਦੀ, ਆਰੰਭਿਕ-ਸਿੱਖਿਆ, ਇਸ ਦੇ ਗਾਇਕਾਂ, ਕਲਾਕਾਰਾਂ, ਉਸਤਾਦਾਂ, ਪ੍ਰੋਫੈਸਰਾਂ ਤੇ ਕੀਰਤਨੀਆਂ ਦੀ ਬੁਨਿਆਦ-ਮਜ਼ਬੂਤ ਹੁੰਦੀ ਹੈ, ਇਸੇ ਕਰਕੇ ਬਾਕੀ ਸ਼ੈਲੀਆਂ ਨੂੰ ਵੀ ਗਾਉਣ ਵਿੱਚ ਉਨ੍ਹਾਂ ਨੂੰ ਕੋਈ ਕਠਿਨਾਈ ਨਹੀਂ ਹੁੰਦੀ। ਇਸ ਲਈ ਗੁਰਮਤਿ-ਸੰਗੀਤ ਵਿੱਚ ਧਰੁਪਦ-ਗਾਇਕੀ ਤੇ ‘ਧਰੁਪਦ-ਗਾਇਕਾਂ’ ਦਾ ਮਹੱਤਵਪੂਰਣ ਯੋਗਦਾਨ ਮੰਨਿਆ ਜਾਂਦਾ ਹੈ।

## THE DHRUPAD

*The Prabandha as we gather was musically an underdeveloped sort of form. One and the same Prabandha, we are told was sung in mere than One-Raga and was also sung in two or three Tala’s one of the other. The Dhrupad changed this mode and in course of time came to be set to sung in one Raga and one Tala only. We can therefore say that so far music was in search of a suitable form for its expression and eventually it did find the shape of the Dhrupad.* [23]

*Historically the first introduction of Dhrupad by Raja Maan Singh of Gwalior toward the end of sixteenth century and it had prospered under his generous patronage. The Dhrupad also continued side by side in the Temple. Simultaneously, it also prospered in the Kings’ courts not only under Raja Maan Singh but also in courts of other Rulers and Chiefly of Mughal Kings and Emperors later. The Dhrupad since then was thus harnessed not only for temple worship, but also simultaneously to entertain the courtiers of Kings & Emperors. The Dhrupad for temple worship is evidenced not only by its use in the* ***Ashta Chhap*** *saints, poets of the* ***Vallabha Samprada*** *in Saurashter and Gujarat but also in and around Mathura & Vrindavan where it had originated. It simultaneously flourished in the reign of Akbar, where it reached its peak in the person of the Tansen, who is known to have been a first-class Dhrupadiya.* [24]

ਰਾਗ-ਟੋਡੀ, ਧਰੁਪਦ-ਸ਼ੈਲੀ, ਚਾਰਤਾਲ ਦਾ ਵਿਸਥਾਰ ਅੱਗੇ ਦਿੱਤਾ ਗਿਆ ਹੈ :-

23 Indian Musical Traditions, V.H. Deshpande, Mumbai-1987, p-173
24 Indian Musical Traditions, V.H. Deshpande, Mumbai-1987, p-173



## ਰਾਗ ਟੋਡੀ, ਧਰੁਪਦ-ਸ਼ੈਲੀ, ਚਾਰਤਾਲ

**ਟੋਡੀ ਮਹਲਾ ੫ ਘਰੁ ੨ ਦੁਪਦੇ**
**ੴ ਸਤਿਗੁਰ ਪ੍ਰਸਾਦਿ ॥**

**ਮਾਗਉ ਦਾਨੁ ਠਾਕੁਰ ਨਾਮ ॥**
**ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥੧॥ ਰਹਾਉ॥**
**ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ ॥**
**ਧਾਇ ਧਾਇ ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ ॥੧॥**
**ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥**
**ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥੨॥੧॥(ਅੰਗ ੭੧੩)**

| | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| **ਸਥਾਈ** | X | | 0 | | 2 | | 0 | | 3 | | 4 | |
| | ਧੁ | ਧੁ | ਧੁ | ਪ | ਪ | ਪ | ਮੇਧੁ | ਮੇਗੁ | ਗੁ | ਰੇਗੁ | ਰੇਰੇ | ਸਸ |
| | ਮ | ਗਉ | S | ਦਾ | S | ਨ | ਠਾS | ਕੁS | ਰ | ਨਾS | SS | ਮS |
| | ਧੁ | ਨਿ਼ | ਸ | ਰੇਗੁ | ਰੇ | ਸ | ਧੁ | ਗੁ | ਗੁ | ਮੇਰੇ | ਗੁਰੇ | ਸ |
| | ਅ | ਵ | ਰ | ਕਛੂ | ਮੇ | ਰੈ | ਸ | ਗ | ਨਾ | ਚਾS | ਲੈS | S |
| | ਸ | ਰੇ | ਗੁ | ਮੇ | ਧੁ | ਨੀ | ਸਂਨਿ | ਧੁਪ | ਮੇਧੁ | ਮੇਗੁ | ਰੇਗੁ | ਰੇਸ |
| | ਮਿ | ਲੈ | S | ਕ੍ਰਿ | ਪਾ | S | ਗੁS | ਣS | SS | ਕਾS | SS | ਮS |
| | ਸ | ਰੇ | ਗੁ | ਮੇ | ਧੁ | ਨਿ | ਸਂਨਿ | ਧੁਪ | ਮੇਧੁ | ਮੇਗੁ | ਰੇਗੁ | ਰੇਸ |
| | ਮਿ | ਲੈ | S | ਕ੍ਰਿ | ਪਾ | S | ਗੁS | ਣS | SS | ਕਾS | SS | ਮS |
| **ਅੰਤਰਾ** | | | | | | | | | | | | |
| | ਮੇ | ਗੁ | ਗੁ | ਮੇ | ਧੁ | ਧੁਧੁ | ਮੇ | ਧੁ | ਨਿ | ਸਂ | ਸਂ | ਸਂ |
| | ਰਾ | S | ਜ | ਮਾ | S | ਲ,ਅ | ਨੇ | ਕ | ਭੋ | ਗ | ਰ | ਸ |
| | ਧੁ | ਨਿ | ਸਂ | ਰੇਂਰੇਂ | ਗੁਂ | ਰੇਂ | ਸਂ | ਨਿ | ਸਂ | ਧੁ | ਪ | ਪ |
| | ਸ | ਗ | ਲ | ਤਰ | ਵ | ਰ | ਕੀ | S | S | ਛਾ | S | ਮ |
| | ਧੁਧੁ | ਧੁ | ਧੁ | ਗੁਂਗੁਂ | ਗੁਂ | ਗੁਂ | ਰੇਂਰੇਂ | ਗੁਂ | ਗੁਂ | ਰੇਂ | ਸਂ | ਸਂ |
| | ਧਾਇ | ਧਾ | ਇ | ਬਹੁ | ਬਿ | ਧਿ | ਕਉ | S | S | ਧਾ | ਵੈ | S |
| | ਸਂਸਂ | ਨਿ | ਧੁ | ਪ | ਪ | ਪ | ਮੇ | ਗੁ | ਗੁ | ਰੇਗੁ | ਰੇ | ਸ |
| | ਸਗ | ਲ | ਨਿ | ਰਾ | ਰ | ਥ | ਕਾ | S | S | ਮS | S | S |

◆ ◆ ◆ ◆ ◆ ◆

25 ਸੁਰ ਰਚਨਾ ਤੇ ਸੁਰਲਿਪੀ ਲੇਖਕ ਡਾ.ਡੀ.ਐਸ. ਨਰੂਲਾ

# ਰਾਗ ਬਿਹਾਗੜਾ

ਭਾਈ ਸੁਖਵੰਤ ਸਿੰਘ (ਪ੍ਰਿੰ.)

ਰਾਤ ਦੇ ਸਮੇਂ ਗਾਏ ਜਾਣ ਵਾਲੇ ਰਾਗਾਂ ਵਿੱਚੋਂ ਬਿਹਾਗੜਾ ਬੜਾ ਮਧੁਰ ਅਤੇ ਪ੍ਰਭਾਵਸ਼ਾਲੀ ਰਾਗ ਹੈ। ਬਿਹਾਗੜਾ ਵਿਯੋਗ ਉਠਾਉਂਦਾ ਹੈ। ਵਿਯੋਗ ਨੂੰ, ਗੁਰੂ ਦਾ ਹੋ ਮਰਦਾਨਾ ਬਣ ਦੂਰ ਕਰਨਾ ਹੈ। ਮਰਦਾਨਾ ਬਣਨਾ, ਸ਼ਬਦ ਵਿੱਚ ਰੱਤੇ ਹੋਣਾ ਹੈ।

ਰਾਗ ਬਿਹਾਗ ਦੇ ਚਲਨ ਵਿੱਚ ਕੁਝ ਪਰਿਵਰਤਨ ਕਰਕੇ ਇਸ ਰਾਗ ਦਾ ਸਰੂਪ ਨਿਸ਼ਚਿਤ ਕੀਤਾ ਗਿਆ ਹੈ। ਪੰਜਾਬੀ ਬਿਹਾਗੜੇ ਵਿੱਚ ਬਿਲਾਵਲ ਅੰਗ ਹੋਣ ਕਰਕੇ ਵਧੇਰੇ ਪ੍ਰਭਾਵਸ਼ਾਲੀ ਹੈ।

| | |
|---|---|
| ਅਰੋਹ | ਨ਼ੀ ਸ ਗ, ਮ ਪ ਨੀ ਸਂ। |
| ਅਵਰੋਹ | ਸਂ ਨੀ ਧ ਪ, ਨੀ ਧ ਪ, ਧ ਗ ਮ ਗ, ਰੇ ਸ। |
| ਸੁਰ | ਅਰੋਹ ਵਿੱਚ 'ਰੇ' ਅਤੇ 'ਧ' ਵਰਜਿਤ, ਦੋਨੋਂ ਨਿਸ਼ਾਦ, ਬਾਕੀ ਸਭ ਸ਼ੁੱਧ |
| ਥਾਟ | ਬਿਲਾਵਲ |
| ਜਾਤੀ | ਔੜਵ-ਸੰਪੂਰਨ |
| ਸਮਾਂ | ਰਾਤ ਦਾ ਦੂਜਾ ਪਹਿਰ |
| ਵਾਦੀ | ਗੰਧਾਰ |
| ਸੰਵਾਦੀ | ਨਿਸ਼ਾਦ |
| ਮੁੱਖ ਅੰਗ | ਗ ਮ ਪ, ਨੀ ਧ ਪ, ਧ ਗ ਮ ਗ, ਰੇ ਸ। |
| ਸੁਰ ਵਿਸਥਾਰ | 1. ਸ, ਨ਼ੀ ਸ ਪ਼ ਨ਼ੀ ਸ, ਨ਼ੀ ਸ ਗ, ਸ ਗ ਮ ਪ, ਧ ਗ ਮ ਗ, ਗ ਮ ਪ ਧ ਨੀ ਧ ਪ, ਧ ਗ ਮ ਗ, ਸ ਗ ਮ ਪ, ਧ ਗ ਮ ਗ, ਰੇ ਸ। |
| | 2. ਗ ਮ ਪ, ਨੀ ਧ ਪ ਗ ਮ ਗ, ਪ, ਗ ਮ ਪ ਨੀ ਸਂ, ਪ ਨੀ ਸਂ ਗਂ, ਰੇਂ ਸਂ, ਨੀ ਸਂ ਗਂ, ਮਂ ਗਂ, ਰੇਂ ਸਂ, ਪ ਨੀ ਸਂ ਨੀ ਧ ਪ, ਗ ਮ ਪ ਧ ਨੀ ਧ ਪ, ਧ ਗ ਮ ਗ, ਰੇ ਸ। |

## ਰਾਗੁ ਬਿਹਾਗੜਾ ਮਹਲਾ ੫॥

ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥
ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਰ ਅਪਾਰਾ ਰਾਮ ॥
ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ ॥
ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ ॥
ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ ॥
ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ ॥੧॥ (ਅੰਗ ੫੪੨)



**ਸਥਾਈ**

| 1 | 2 | 3 | 4 | 5 | 6 | 7 |
|---|---|---|---|---|---|---|
| ਨੀ | ਧ | ਪ | ਨੀ | ਧ | ਪ | ਨੀਧ |
| ਅ | ਤਿ | ਪ੍ਰੀ | ਤ | ਮ | ਮ | ਨS |
| ਪ | ਗ | ਮ | ਪ | ਨੀ | ਧ | ਪ |
| ਮੋ | S | ਹ | ਨਾ | ਅ | ਤਿ | ਪ੍ਰੀ |
| ਨੀ | ਧ | ਪ | ਨੀਧ | ਪ | ਗ | ਮ |
| ਤ | ਮ | ਮ | ਨS | ਮੋ | S | ਹ |
| ਪ | ਪ | ਪ | ਪ | ਗ | ਮ | ਗ |
| ਨਾ | ਘ | ਟਿ | ਸੋ | S | ਹ | ਨਾ |
| ਪ | ਪ | ਪ | ਗ | ਮ | ਗ | ਰੇਸ |
| ਘ | ਟਿ | ਸੋ | S | ਹ | ਨਾ | SS |
| ਨ਼ੀਸ | ਗ | ਗਗ | ਗ | ਗ | ਮ | ਗਮ |
| ਪ੍ਰਾS | S | ਣਅ | ਧਾ | S | ਰਾ | SS |
| ਪ | ਪ | ਪ | ਮਧ | ਪਪ | ਗਮ | ਗਗ |
| ਰਾ | S | S | SS | SS | ਮS | SS |

**ਜੋੜ:**

| 1 | 2 | 3 | 4 | 5 | 6 | 7 |
|---|---|---|---|---|---|---|
| ਗ | ਗ | ਮ | ਪ | ਪ | ਨੀ | ਨੀ |
| ਸੁੰ | ਦ | ਰ | ਸੋ | | ਭਾ | ਲਾ |
| ਸਂ | ਸਂ | ਨੀਨੀ | ਸਂਸਂ | ਸਂ | ਸਂ | ਸਂ |
| ਲ | ਗੋ | ਪਾਲ | ਦਇ | ਆ | ਲ | ਕੀ |
| ਸਂਸਂ | ਸਂ | ਨੀ | ਧ | ਧ | ਪ | ਪ |
| ਅਪ | ਰਾ | ਅ | ਪਾ | S | ਰਾ | S |
| ਨੀ | ਧ | ਪ | ਧ | ਗਮ | ਗ | ਸ |
| ਰਾ | S | S | ਮ | SS | S | S |

**ਅੰਤਰਾ**

| 1 | 2 | 3 | 4 | 5 | 6 | 7 |
|---|---|---|---|---|---|---|
| ਗ | ਗ | ਮਮਮ | ਪ | ਪ | ਨੀ | ਨੀ |
| ਗੋ | ਪਾ | ਲਦਇ | ਆ | S | ਲ | S |
| ਸਂ | ਸਂ | ਨੀ | ਸਂ | ਸਂ | ਸਂ | ਸਂ |
| ਗੋ | ਬਿੰ | ਦ | ਲਾ | S | ਲ | ਨ |
| ਸਸਂ | ਸਂ | ਨੀ | ਧ | ਧ | ਪ | ਪ |
| ਮਿਲ | ਹੁ | S | ਕੰ | S | ਤ | ਨਿ |
| ਨੀ | ਧ | ਪ | ਧ | ਗਮ | ਗ | ਸ |
| ਮਾ | S | S | ਣੀ | ਆS | S | S |

**ਤਾਨਾਂ**

| | 1 | 2 | 3 | 4 | 5 | 6 | 7 |
|---|---|---|---|---|---|---|---|
| 1 | ਸਨ਼ੀ | ਸਸ | ਸਗ | ਮਪ | ਨੀਧ | ਗਮ | ਗਗ |
| 2 | ਪਨੀ | ਧਗ | ਮਗ | ਧਗ | ਮਗ | ਧਗ | ਮਗ |
| 3 | ਨੀਧ | ਪਧ | ਗਮ | ਗਰੇ | ਸਗ | ਮਪ | ਪਪ |
| 4 | ਪਨੀ | ਸਂਸਂ | ਨੀਧ | ਨੁਧ | ਧਗ | ਮਗ | ਰੇਸ |
| 5 | ਗਮ | ਪਨੀ | ਸਂਗਂ | ਰੇਂਸਂ | ਸਂਨੀ | ਧਪ | ਨੀਨੀ |
| | ਧਪ | ਧਗ | ਮਗ | ਧਗ | ਮਗ | ਧਗ | ਮਗ |

# ਆਹਾਰ-ਵਿਹਾਰ

**ਪਰਮਜੀਤ ਸਿੰਘ ਪੰਮੀ**

## ◆ ਆਹਾਰ

ਵਰਤਮਾਨ ਸਮੇਂ ਵਿੱਚ ਵਧ ਰਹੇ ਰੋਗਾਂ ਦਾ ਸਭ ਤੋਂ ਵੱਡਾ ਕਾਰਨ ਗਲਤ ਆਹਾਰ-ਵਿਹਾਰ ਹੀ ਹੈ। ਜੈਸਾ ਸਾਡਾ ਸਰੀਰ ਹੈ, ਵੈਸਾ ਹੀ ਬ੍ਰਹਿਮੰਡ ਹੈ। ਸਾਡਾ ਸਰੀਰ ਪੰਜ ਤੱਤਾਂ ਪ੍ਰਿਥਵੀ, ਪਾਣੀ, ਅੱਗ, ਆਕਾਸ਼ ਅਤੇ ਹਵਾ ਤੋਂ ਬਣਿਆ ਹੈ। ਇਹ ਬ੍ਰਹਿਮੰਡ ਵੀ ਪੰਜ ਤੱਤਾਂ ਤੋਂ ਹੀ ਬਣਿਆ ਹੈ। ਇਸ ਲਈ ਨਿਰੋਗੀ ਅਤੇ ਸੁਖੀ ਰਹਿਣ ਭਾਵ ਵੱਡੇ ਜੀਵਨ ਭੋਗਣ ਲਈ ਵਿਅਕਤੀ ਨੂੰ ਸਰਦੀ ਦੀ ਰੁੱਤ ਉੱਪਰ ਨਿਰਭਰ ਰਹਿ ਕੇ ਰਹਿਣ-ਸਹਿਣ, ਖਾਣ-ਪੀਣ ਲਾਜ਼ਮੀ ਹੈ। ਇਸੇ ਲਈ ਸਾਡੇ ਵੱਡੇ ਵਿਦਵਾਨਾਂ ਨੇ ਸਰਦੀ ਦੀ ਰੁੱਤ ਅਤੇ ਆਹਾਰ-ਵਿਹਾਰ ’ਤੇ ਧਿਆਨ ਦੇਣ ਲਈ ਜ਼ੋਰ ਦਿੱਤਾ ਹੈ। ਇਸ ਦੁਨੀਆਂ ਵਿੱਚ ਸੁਖੀ ਜੀਵਨ ਜੀਊਣ ਵਾਲੇ ਸੂਝਵਾਨ ਵਿਅਕਤੀਆਂ ਨੂੰ ਆਪਣੇ ਆਹਾਰ-ਵਿਹਾਰ ਅਤੇ ਹੋਰ ਸਾਰੇ ਯਤਨ ਕਰਦੇ ਰਹਿਣਾ ਚਾਹੀਦਾ ਹੈ।

ਧਰਮ, ਅਰਥ ਅਤੇ ਮੁਕਤੀ ਪ੍ਰਾਪਤੀ ਦਾ ਮੂਲ ਹੈ-ਅਰੋਗਤਾ। ਸਿਹਤਮੰਦ (ਸਵਸਥ) ਮਨੁੱਖ ਹੀ ਉਕਤ ਅਵਸਥਾਵਾਂ ਨੂੰ ਪ੍ਰਾਪਤ ਕਰ ਸਕਦਾ ਹੈ। ਇਨ੍ਹਾਂ ਅਵਸਥਾਵਾਂ ਨੂੰ ਮਾਣ ਸਕਦਾ ਹੈ। ਰੋਗੀ ਮਨੁੱਖ ਦੇਸ਼, ਜਾਤੀ ਅਤੇ ਖਾਨਦਾਨ ਲਈ ਭਾਰ ਬਣ ਕੇ ਰਹਿ ਜਾਂਦਾ ਹੈ। ਰੋਗਾਂ ਨੂੰ ਦੂਰ ਕਰਨ ਲਈ ਜਿਥੇ ਉਪਚਾਰ ਜ਼ਰੂਰੀ ਹੈ ਉਥੇ ਰੋਗਾਂ ਨੂੰ ਸਰੀਰ ਤੇ ਘਰ ਤੋਂ ਦੂਰ ਰੱਖਣ ਲਈ ਉੱਚਿਤ ਆਹਾਰ-ਵਿਹਾਰ (ਖਾਣ-ਪਾਣ) ਦੇ ਨਾਲ-ਨਾਲ ਸੰਜਮਈ ਜੀਵਨ ਪ੍ਰਤੀ ਸੁਚੇਤ ਅਤੇ ਕਰਮ ਪ੍ਰਤੀ ਨਿਸ਼ਠਾਵਾਨ ਰਹਿਣਾ ਵੀ ਜ਼ਰੂਰੀ ਹੈ।

ਜੇ ਅਸੀਂ ਇਸ ਸਰੀਰ ਦੇ ਅੰਦਰੂਨੀ ਢਾਂਚੇ ਨੂੰ ਸਮਝ ਲਈਏ ਤਾਂ ਸੱਚਮੁੱਚ ਅਸੀਂ ਆਪਣੇ ਸਰੀਰ ਨੂੰ ਤੰਦਰੁਸਤ ਰੱਖ ਸਕਦੇ ਹਾਂ। ਸਰੀਰ ਦਾ ਨਿਰਮਾਣ ਖੂਨ ਤੋਂ ਹੁੰਦਾ ਹੈ, ਜਿਸ ਨੂੰ ਭੋਜਨ ਬਣਾਉਂਦਾ ਹੈ। ਜਿਹੜਾ ਭੋਜਨ ਅਸੀਂ ਖਾਂਦੇ ਹਾਂ, ਇਸ ਦੇ ਲਾਭਦਾਇਕ (ਉਪਯੋਗੀ) ਹਿੱਸੇ ਖੂਨ ਬਣਾਉਂਦੇ ਹਨ ਜਦ ਕਿ ਬਾਕੀ ਬੇਕਾਰ ਹਿੱਸੇ ਮਲ ਤਿਆਰ ਕਰਦੇ ਹਨ ਜੋ ਮਲ-ਮੂਤਰ ਅਤੇ ਪਸੀਨੇ ਦੇ ਰੂਪ ਵਿੱਚ ਬਾਹਰ ਨਿਕਲ ਜਾਂਦੇ ਹਨ। ਭੁੱਖ, ਚਿਥਣਾ ਅਤੇ ਸਵਾਦ ਇਹ ਸਭ ਸਰੀਰ ਨੂੰ ਖੂਨ ਪ੍ਰਾਪਤ ਕਰਨ ਲਈ ਹੀ ਹੁੰਦੇ ਹਨ ਜੋ ਖਰਚ ਹੋਈ ਸ਼ਕਤੀ ਊਰਜਾ ਨੂੰ ਵਾਪਸ ਲਿਆਉਂਦੇ ਹਨ ਅਤੇ ਭਿੰਨ-ਭਿੰਨ ਅੰਗਾਂ ਦਾ ਨਿਰਮਾਣ ਕਰਦੇ ਹਨ। ਭੁੱਖ ਉਦੋਂ ਮਹਿਸੂਸ ਹੁੰਦੀ ਹੈ ਜਦੋਂ ਜ਼ਿਆਦਾ ਖੂਨ ਦੀ ਲੋੜ ਹੁੰਦੀ ਹੈ। ਭੁੱਖ ਲਈ ਭੋਜਨ ਚੱਬਣਾ (ਚਿਥਣਾ) ਅਤੇ ਉਸ ਨੂੰ ਹੌਲੀ-ਹੌਲੀ ਚਿੱਥ ਕੇ ਆਨੰਦ ਲੈਣਾ, ਭੋਜਨ ਨੂੰ ਪਚਾਉਣ ਦੇ ਨਾਲ-ਨਾਲ ਖੂਨ ਦੇ ਨਿਰਮਾਣ ਵਿੱਚ ਵੀ ਸਹਾਇਕ ਹੁੰਦੇ ਹਨ।

ਭੋਜਨ ਸਾਤਵਿਕ ਹੋਵੇ, ਭੋਜਨ ਕਰਦੇ ਸਮੇਂ ਕਿਸੇ ਪ੍ਰਕਾਰ ਦੀ ਚਿੰਤਾ, ਭੈਅ, ਈਰਖਾ, ਕ੍ਰੋਧ, ਨਿਰਾਸ਼ਾ ਨਾ ਹੋਵੇ ਅਤੇ ਚਿੱਤ ਪ੍ਰਸੰਨਤਾ ਵਿੱਚ ਹੋਵੇ ਤਾਂ ਭੋਜਨ ਚੰਗੀ ਤਰ੍ਹਾਂ ਪਚ ਜਾਂਦਾ ਹੈ ਅਤੇ ਪੇਟ ਦਾ ਕੋਈ ਰੋਗ ਨਹੀਂ ਹੁੰਦਾ। ਤ੍ਰਿਸ਼ਨਾ, ਭੈਅ, ਕ੍ਰੋਧ, ਲੋਭ, ਰੋਗ ਅਤੇ ਦੀਨਤਾ ਪੀੜਤ ਅਤੇ ਦਵੈਸ਼ੀ ਮਨੁੱਖ ਨੂੰ ਭੋਜਨ ਚੰਗੀ ਤਰ੍ਹਾਂ ਹਜ਼ਮ ਨਹੀਂ ਹੁੰਦਾ। ਸ਼ੁੱਧ ਆਹਾਰ ਨਾਲ ਸਰੀਰ ਸ਼ੁੱਧ ਹੁੰਦਾ ਹੈ, ਸਰੀਰ ਨੂੰ ਤੰਦਰੁਸਤੀ ਅਤੇ ਤਾਕਤ ਵੀ ਮਿਲਦੀ ਹੈ। ਦੂਜੇ ਪਾਸੇ ਤਾਮਸਿਕ (ਅਸ਼ੁੱਧ) ਭੋਜਨ ਨਾਲ ਸਰੀਰ ਰੋਗਾਂ ਦਾ ਡੇਰਾ ਬਣ ਜਾਂਦਾ ਹੈ।

ਸਰਦੀ ਦੀ ਰੁੱਤ ਵਿੱਚ ਕੰਮ ਕਰਨ ਦੀਆਂ ਕਿਰਿਆਵਾਂ ਵਧਦੀਆਂ ਹਨ ਅਤੇ ਇਸ ਨਾਲ ਖੂਬ ਪਾਚਨ ਸ਼ਕਤੀ ਵਧਦੀ ਹੈ ਅਤੇ ਬਹੁਤ ਭੁੱਖ ਲਗਦੀ ਹੈ। ਇਸ ਲਈ ਇਸ ਮੌਸਮ ਵਿੱਚ



ਪੌਸ਼ਟਿਕ ਆਹਾਰ ਦਾ ਵਿਸ਼ੇਸ਼ ਰੂਪ ਵਿੱਚ ਪ੍ਰਯੋਗ ਕਰਨਾ ਚਾਹੀਦਾ ਹੈ। ਚਾਵਲ, ਬਾਜਰਾ, ਮੂੰਗ, ਮਸਰਾਂ ਦੀ ਦਾਲ ਦੀ ਵਰਤੋਂ ਵਰਦਾਨ ਸਿੱਧ ਹੁੰਦੀ ਹੈ। ਦੁੱਧ, ਘਿਓ, ਮੱਖਣ, ਰਿਉੜੀ, ਖੀਰ ਅਤੇ ਮਲਾਈ ਆਦਿ ਦੀ ਵਰਤੋਂ ਵੀ ਕਾਫੀ ਲਾਭਦਾਇਕ ਹੁੰਦੀ ਹੈ। ਗਾਜਰ ਦਾ ਹਲਵਾ, ਗੁੜ ਅਤੇ ਤਿਲ ਤੋਂ ਬਣੀਆਂ ਚੀਜ਼ਾਂ ਜਿਸ ਤਰ੍ਹਾਂ ਗੱਚਕ, ਤਿਲ ਪਾਪੜੀ ਆਦਿ ਵੀ ਬਹੁਤ ਗੁਣਕਾਰੀ ਹਨ। ਸਾਧਾਰਣ ਵਿਅਕਤੀ ਅਤੇ ਇਕ ਮਿਹਨਤਵਾਦੀ ਵਿਅਕਤੀ ਦੇ ਆਹਾਰ ਵਿੱਚ ਭਿੰਨਤਾ ਹੁੰਦੀ ਹੈ। ਬੁੱਧੀਜੀਵੀ ਵਿਅਕਤੀ ਦੇ ਆਹਾਰ ਵਿੱਚ ਚਿਕਨਾਈ ਅਤੇ ਫਲ ਬਹੁਤ ਉੱਚਿਤ ਹੈ।

## ◆ ਵਿਹਾਰ

ਵਿਹਾਰ ’ਤੇ ਵੀ ਉਨਾ ਹੀ ਧਿਆਨ ਦੇਣਾ ਜ਼ਰੂਰੀ ਹੈ ਜਿੰਨਾ ਆਹਾਰ ’ਤੇ। ਕਿਉਂਕਿ ਸਰਦੀ ਦੀ ਰੁੱਤ ਵਿੱਚ ਪੌਸ਼ਟਿਕ ਆਹਾਰ-ਵਿਹਾਰ ਦਾ ਸੇਵਨ ਕਰਨਾ ਲਾਭਦਾਇਕ ਹੈ ਇਸ ਲਈ ਇਨ੍ਹਾਂ ਨੂੰ ਪਚਾਉਣ ਲਈ ਸਵੇਰ ਦੀ ਸੈਰ ਅਤੇ ਕਸਰਤ ਜ਼ਰੂਰੀ ਹੈ। ਇਨ੍ਹਾਂ ਤਰੀਕਿਆਂ ਨਾਲ ਪਾਚਨ ਸ਼ਕਤੀ ਵਧਦੀ ਹੈ, ਉਥੇ ਸਰੀਰ ਵੀ ਰਿਸ਼ਟ-ਪੁਸ਼ਟ ਰਹਿੰਦਾ ਹੈ। ਯੋਗ-ਆਸਣ, ਸੂਰਜ ਨੂੰ ਨਮਸਕਾਰ ਅਤੇ ਡੰਡ ਬੈਠਕਾਂ ਆਦਿ ਯਤਨ ਕਰਦੇ ਰਹਿਣਾ ਚਾਹੀਦਾ ਹੈ।

ਦੁਪਹਿਰ ਵੇਲੇ ਤੇਲ ਦੀ ਮਾਲਿਸ਼ ਵੀ ਬਹੁਤ ਫਾਇਦੇਮੰਦ ਰਹਿੰਦੀ ਹੈ। ਇਸ ਨਾਲ ਚਿਹਰੇ ਦੀ ਖੁਸ਼ਕੀ ਦੂਰ ਹੁੰਦੀ ਹੈ ਅਤੇ ਮਾਸ-ਪੇਸ਼ੀਆਂ ਨੂੰ ਮਜ਼ਬੂਤੀ ਆਉਂਦੀ ਹੈ, ਹੱਡੀਆਂ ਵਿੱਚ ਤਾਕਤ ਆਉਂਦੀ ਹੈ। ਸਰਦੀ ਦੇ ਮੌਸਮ ਵਿੱਚ ਦਿਨ ਵੇਲੇ ਸੌਣਾ ਨਹੀਂ ਚਾਹੀਦਾ। ਇਨ੍ਹਾਂ ਦਿਨਾਂ ਵਿੱਚ ਸੌਣ ਨਾਲ ਖਾਂਸੀ ਹੋਣ ਦੇ ਮੌਕੇ ਜ਼ਿਆਦਾ ਵਧ ਜਾਂਦੇ ਹਨ ਅਤੇ ਇਸ ਤਰੀਕੇ ਨਾਲ ਆਲਸ ਅਤੇ ਸਿਰ ਦਰਦ ਪੈਦਾ ਹੋ ਜਾਂਦੇ ਹਨ।

ਸਰਦੀ ਦੀ ਰੁੱਤ ਵਿੱਚ ਮੌਸਮ ਦੇ ਪ੍ਰਭਾਵ ਕਰਕੇ ਚਿਕਨਾਈ ਘਟ ਜਾਂਦੀ ਹੈ, ਉਹ ਸੁੱਕਣਾ ਸ਼ੁਰੂ ਹੋ ਜਾਂਦੀ ਹੈ। ਇਸ ਲਈ ਇਨ੍ਹਾਂ ਦਿਨਾਂ ਵਿੱਚ ਸੁੰਦਰਤਾ ਪੱਖੋਂ ਕਈ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ। ਖੁਸ਼ਕੀ ਦੇ ਕਾਰਨ ਚਿਹਰਾ ਰੁੱਖਾ ਜਿਹਾ ਲਗਦਾ ਹੈ ਅਤੇ ਗੱਲ੍ਹਾਂ, ਬੁੱਲ੍ਹ ਅਤੇ ਹੱਥ-ਪੈਰ ਫਟਣ ਲਗਦੇ ਹਨ। ਇਨ੍ਹਾਂ ਸਮੱਸਿਆਵਾਂ ਤੋਂ ਛੁਟਕਾਰ ਪਾਉਣ ਲਈ ਉਬਟਨ ਕਰਨਾ ਜ਼ਰੂਰੀ ਹੈ। ਹਫਤੇ ਵਿੱਚ ਘੱਟੋ-ਘੱਟ ਇੱਕ ਵਾਰ ਪੂਰੇ ਸਰੀਰ ’ਤੇ ਉਬਟਨ ਕਰਨਾ ਜ਼ਰੂਰੀ ਹੈ ਜਾਂ ਫਿਰ ਥੋੜ੍ਹੀ ਦੇਰ ਬਾਅਦ ਕੋਸੇ ਪਾਣੀ ਨਾਲ ਇਸ਼ਨਾਨ ਕਰਨ ਨਾਲ ਸਰੀਰ ਵਿੱਚ ਚਮਕ ਪੈਦਾ ਹੁੰਦੀ ਹੈ, ਚਮੜੀ ਮੁਲਾਇਮ ਹੋਣ ਨਾਲ ਸਰੀਰ ਵਿੱਚ ਚੁਸਤੀ ਆਉਂਦੀ ਹੈ।

ਸਰਦੀ ਦੇ ਦਿਨਾਂ ਵਿੱਚ ਸਾਬਣ ਦਾ ਘੱਟ ਪ੍ਰਯੋਗ ਕਰਨਾ ਚਾਹੀਦਾ ਹੈ। ਕੰਮ ਕਰਨ ਤੋਂ ਬਾਅਦ ਬਾਦਾਮ ਰੋਗਨ ਨਾਲ ਮਾਲਿਸ਼ ਕਰਨੀ ਵੀ ਲਾਭਿਦਾਇਕ ਹੁੰਦੀ ਹੈ।ਜ਼ਿਆਦਾ ਗਰਮ ਪਾਣੀ ਨਾਲ ਇਸ਼ਨਾਨ ਕਰਨਾ, ਤੇਜ਼ ਖੁਸ਼ਬੂਦਾਰ ਸੈਂਟ ਦਾ ਪ੍ਰਯੋਗ ਕਰਨਾ, ਵਾਲਾਂ ’ਤੇ ਸਪ੍ਰੇਅ ਕਰਨ ਨਾਲ ਵੀ ਚਮੜੀ ਖਰਾਬ ਹੁੰਦੀ ਹੈ ਅਤੇ ਇਸ ਲਈ ਇਨ੍ਹਾਂ ਦਾ ਪ੍ਰਯੋਗ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।

ਸਰਦੀ ਦੇ ਦਿਨਾਂ ਵਿੱਚ ਬਹੁਤੇ ਲੋਕ ਨਹਾਉਣਾ ਪਸੰਦ ਨਹੀਂ ਕਰਦੇ, ਪਰ ਕਮਜ਼ੋਰ, ਬਿਰਧ ਅਤੇ ਛੋਟੇ ਬੱਚਿਆਂ ਨੂੰ ਛੱਡ ਕੇ ਬਾਕੀ ਸਭ ਨੂੰ ਜ਼ਰੂਰ ਨਹਾਉਣਾ ਚਾਹੀਦਾ ਹੈ।

ਸਰਦੀਆਂ ਵਿੱਚ ਸਰਦੀ ਦੇ ਪ੍ਰਭਾਵ ਤੋਂ ਬਚਣ ਲਈ ਲੋਕ ਠੰਡੇ ਪਾਣੀ ਦੀ ਬਜਾਇ ਗਰਮ ਪਾਣੀ ਨਾਲ ਨਹਾਉਣ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ ਪਰ ਉਹ ਇਹ ਨਹੀਂ ਜਾਣਦੇ ਕਿ ਇਸ ਤਰ੍ਹਾਂ ਕਰਨ ਨਾਲ ਠੰਡ ਸਰੀਰ ਨੂੰ ਜ਼ਿਆਦਾ ਪ੍ਰਭਾਵਿਤ ਕਰਦੀ ਹੈ ਅਤੇ ਉਨ੍ਹਾਂ ਨੂੰ ਦਿਨ-ਰਾਤ ਹੋਰ ਵੀ ਸਰਦੀ ਮਹਿਸੂਸ ਹੁੰਦੀ ਹੈ। ਇਸ ਲਈ ਜੇਕਰ ਠੰਡੇ ਪਾਣੀ ਨਾਲ ਇਸ਼ਨਾਨ ਕਰਨਾ ਸੰਭਵ ਨਾ ਹੋਵੇ ਤਾਂ ਤਾਜ਼ੇ ਪਾਣੀ ਨਾਲ ਜ਼ਰੂਰ ਨਹਾਉਣਾ ਚਾਹੀਦਾ ਹੈ। ਫਿਰ ਵੀ ਜੇਕਰ

ਤਾਜ਼ਾ ਪਾਣੀ ਵੀ ਠੰਡਾ ਲੱਗੇ ਤਾਂ ਉਸ ਨੂੰ ਕੋਸਾ ਕਰ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਗਰਮ ਕੀਤੇ ਪਾਣੀ ਦਾ ਤਾਪਮਾਨ ਸਰੀਰ ਦੇ ਤਾਪਮਾਨ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ। ਬਾਅਦ ਵਿੱਚ ਹੌਲੀ-ਹੌਲੀ ਠੰਡੇ ਪਾਣੀ ਨਾਲ ਨਹਾਉਣ ਦੀ ਆਦਤ ਪਾਉਣੀ ਚਾਹੀਦੀ ਹੈ। ਠੰਡੇ ਪਾਣੀ ਨਾਲ ਇਸ਼ਨਾਨ ਕਰਨ ਨਾਲ ਠੰਡ ਦੀ ਕਿਰਿਆ ਗਰਮ ਹੁੰਦੀ ਹੈ ਇਸ ਲਈ ਜੋ ਵਿਅਕਤੀ ਗਰਮ ਪਾਣੀ ਨਾਲ ਨਹਾਉਂਦੇ ਹਨ ਉਨ੍ਹਾਂ ਨੂੰ ਜ਼ੁਕਾਮ ਜਲਦੀ ਹੁੰਦਾ ਹੈ। ਜੇਕਰ ਗਰਮ ਪਾਣੀ ਨਾਲ ਨਹਾਉਣਾ ਹੋਵੇ ਤਾਂ ਪਾਣੀ ਜ਼ਿਆਦਾ ਗਰਮ ਨਹੀਂ ਹੋਣਾ ਚਾਹੀਦਾ। ਹਲਕੇ ਗਰਮ ਪਾਣੀ ਨਾਲ ਨਹਾਉਣ ਦੀ ਸ਼ੁਰੂਆਤ ਪੈਰਾਂ 'ਤੇ ਪਾਉਣ ਨਾਲ ਵਧੀਆ ਰਹਿੰਦੀ ਹੈ। ਠੰਡੇ ਪਾਣੀ ਨਾਲ ਨਹਾਉਣ ਨਾਲ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਖੂਨ-ਸੰਚਾਰ ਦੀ ਗਤੀ ਤੇਜ਼ ਹੋ ਗਈ ਹੈ ਅਤੇ ਗਰਮੀ ਮਹਿਸੂਸ ਹੁੰਦੀ ਰਹਿੰਦੀ ਹੈ। ਇਸ ਨਾਲ ਸਰੀਰ ਤਰੋ-ਤਾਜ਼ਾ ਰਹਿੰਦਾ ਹੈ, ਆਲਸ ਤੋਂ ਛੁਟਕਾਰਾ ਹੁੰਦਾ ਹੈ, ਠੰਡ ਮਹਿਸੂਸ ਨਹੀਂ ਹੁੰਦੀ ਅਤੇ ਰੋਜ਼ਾਨਾ ਗਤੀਵਿਧੀਆਂ ਤੇਜ਼ ਹੁੰਦੀਆਂ ਹਨ। ਪਾਚਨ ਸ਼ਕਤੀ ਦੀ ਸਮਰੱਥਾ ਵਧਦੀ ਹੈ, ਸਰੀਰ ਨੂੰ ਬੀਮਾਰੀਆਂ ਨਹੀਂ ਲਗਦੀਆਂ ਅਤੇ ਸਰੀਰਕ ਸ਼ਕਤੀ ਬਰਕਰਾਰ ਰਹਿੰਦੀ ਹੈ।

ਨਹਾਉਣ ਤੋਂ ਪਹਿਲਾਂ ਗੁਸਲਖਾਨੇ ਅੰਦਰ ਸਾਰੇ ਸਰੀਰ ਉੱਤੇ ਤੇਲ ਦੀ ਮਾਲਿਸ਼ ਕਰਨੀ ਚਾਹੀਦੀ ਹੈ ਤਾਂ ਕਿ ਸਾਰੇ ਸਰੀਰ ਵਿੱਚ ਖੂਨ-ਸੰਚਾਰ ਬਣਿਆ ਰਹੇ। ਫਿਰ ਇੱਕ ਹੱਥ ਨਾਲ ਪਾਣੀ, ਦੂਜੇ ਹੱਥ ਨਾਲ ਸਾਰੇ ਸਰੀਰ ਦੀ ਮਾਲਿਸ਼ ਕਰਨੀ ਚਾਹੀਦੀ ਹੈ ਤਾਂ ਕਿ ਬਿਆਈਆਂ ਨਾ ਪੈਣ। ਨਹਾਉਣ ਤੋਂ ਬਾਅਦ ਸਰੀਰ ਨੂੰ ਤੌਲੀਏ ਨਾਲ ਚੰਗੀ ਤਰ੍ਹਾਂ ਰਗੜ ਕੇ ਸਾਫ ਕਰਨਾ ਚਾਹੀਦਾ ਹੈ ਤਾਂ ਕਿ ਸਰੀਰ ਵਿੱਚ ਖੂਨ-ਸੰਚਾਰ ਯਕੀਨੀ ਬਣਾਇਆ ਜਾ ਸਕੇ।

ਸਰਦੀਆਂ ਵਿੱਚ ਖੂਨ ਜਮ੍ਹਾ ਰਹਿੰਦਾ ਹੈ ਅਤੇ ਗਰਮੀਆਂ ਵਿੱਚ ਖੂਨ-ਸੰਚਾਰ ਦੀ ਗਤੀ ਹਲਕੀ ਰਹਿੰਦੀ ਹੈ। ਛੋਟੇ ਬੱਚੇ ਜਾਂ ਹੋਰ ਨੌਜਵਾਨ ਜੋ ਗਤੀਸ਼ੀਲ ਰਹਿੰਦੇ ਹਨ ਭਾਵ ਚਲਦੇ-ਫਿਰਦੇ, ਖੇਡਦੇ ਜਾਂ ਮਿਹਨਤ ਵਾਲੇ ਕੰਮ ਕਰਦੇ ਹਨ ਉਨ੍ਹਾਂ ਨੂੰ ਸਰਦੀ ਇਸ ਲਈ ਨਹੀਂ ਲਗਦੀ ਕਿਉਂਕਿ ਉਨ੍ਹਾਂ ਦਾ ਖੂਨ ਦਾ ਦੌਰਾ ਤੇਜ਼ ਹੁੰਦਾ ਹੈ। ਪਰ ਜੇਕਰ ਕੋਈ ਵਿਅਕਤੀ ਜਿਨ੍ਹਾਂ ਨੂੰ ਲਗਾਤਾਰ ਬੈਠਣਾ ਪੈਂਦਾ ਹੈ ਉਨ੍ਹਾਂ ਨੂੰ ਕੋਈ ਨਾ ਕੋਈ ਕਸਰਤ ਜਾਂ ਯੋਗਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਖੂਨ-ਸੰਚਾਰ ਦੀ ਗਤੀ ਘੱਟ ਨਾ ਹੋਵੇ। ਜਿਹੜੇ ਵਿਅਕਤੀ ਤੇਜ਼ ਗਤੀ ਵਾਲੀਆਂ ਕਸਰਤਾਂ ਨਹੀਂ ਕਰ ਸਕਦੇ, ਉਨ੍ਹਾਂ ਨੂੰ ਘੱਟੋ-ਘੱਟ ਇੱਕ ਘੰਟਾ ਤਾਜ਼ੀ ਵਿੱਚ ਟਹਿਲ ਕੇ ਰਕਤ-ਸੰਚਾਰ ਦੀ ਗਤੀ ਤੇਜ਼ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਖੂਨ ਦਾ ਦੌਰਾ ਤੇਜ਼ ਰਹਿੰਦਾ ਹੈ ਅਤੇ ਠੰਡ ਮਹਿਸੂਸ ਨਹੀਂ ਹੁੰਦੀ।

ਸਰਦੀਆਂ ਵਿੱਚ ਧੁੱਪ ਬਹੁਤ ਸੁਹਾਵਣੀ ਲਗਦੀ ਹੈ ਕਿਉਂਕਿ ਇਸ ਦੀ ਗਰਮੀ ਸਰੀਰ ਨੂੰ ਗਰਮ ਰੱਖਦੀ ਹੈ ਅਤੇ ਸਰੀਰ ਵਿੱਚ ਇੱਕ ਸ਼ਕਤੀ ਪੈਦਾ ਹੁੰਦੀ ਹੈ। ਧੁੱਪ ਦੀਆਂ ਅਲਟਰਾ ਬੈਂਗਣੀ ਕਿਰਨਾਂ ਨਾਲ ਖੂਨ ਵਿੱਚ ਰਕਤ-ਸੰਚਾਰ ਤੇਜ਼ ਹੁੰਦਾ ਹੈ ਅਤੇ ਇਨ੍ਹਾਂ ਕਿਰਨਾਂ ਨਾਲ ਰੋਗ ਪੈਦਾ ਕਰਨ ਵਾਲੇ ਜੀਵਾਣੂਆਂ ਦਾ ਨਾਸ਼ ਹੁੰਦਾ ਹੈ। ਇਹ ਕਿਰਨਾਂ ਸਰੀਰ ਵਿੱਚ ਦਾਖਿਲ ਹੁੰਦਿਆਂ ਹੀ ਇਸ ਨੂੰ ਚੁਸਤੀ ਪ੍ਰਦਾਨ ਕਰਦੀਆਂ ਹਨ ਅਤੇ ਸਰੀਰ ਦੀ ਥਕਾਨ ਦੂਰ ਹੁੰਦੀ ਹੈ। ਸਰੀਰ ਦਾ ਦਰਦ ਦੂਰ ਹੁੰਦਾ ਹੈ ਅਤੇ ਥੱਕੀਆਂ ਹੋਈਆਂ ਮਾਸ-ਪੇਸ਼ੀਆਂ ਨੂੰ ਆਰਾਮ ਮਿਲਦਾ ਹੈ। ਸਰੀਰ ਦੇ ਪਸੀਨੇ ਦੀਆਂ ਗ੍ਰੰਥੀਆਂ ਜ਼ਿਆਦਾ ਕੰਮ ਕਰਨ ਲਗਦੀਆਂ ਹਨ ਅਤੇ ਵਾਧੂ ਪਸੀਨਾ ਆਉਣ ਨਾਲ ਸਰੀਰ ਦੀ ਗੰਦਗੀ ਬਾਹਰ ਆਉਂਦੀ ਹੈ ਅਤੇ ਖੂਨ ਦੀ ਸਫ਼ਾਈ ਹੋ ਜਾਂਦੀ ਹੈ। ਲਗਾਤਾਰ ਧੁੱਪ ਸੇਕਨ ਨਾਲ ਰੋਗਾਂ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ। ਧੁੱਪ ਸੇਕਨ ਨਾਲ ਵਿਟਾਮਿਨ-ਡੀ ਪ੍ਰਾਪਤ ਹੁੰਦੀ ਹੈ ਅਤੇ ਦਿਮਾਗੀ ਸ਼ਕਤੀ ਦਾ ਵੀ ਵਿਕਾਸ ਹੁੰਦਾ ਹੈ।

◆ ◆ ◆ ◆ ◆ ◆





## ਅੰਮ੍ਰਿਤ ਸੰਚਾਰ ਅਤੇ ਕੀਰਤਨ ਦਰਬਾਰ

*ਵਿਸਮਾਦੁ ਨਾਦ ਬਿਊਰੋ*

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿਖੇ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਆਰੰਭੀ ਅੰਮ੍ਰਿਤ ਸੰਚਾਰ ਦੀ ਲਹਿਰ ਨੂੰ ਨਿਰੰਤਰ ਅੱਗੇ ਤੋਰਦਿਆਂ ਹਰ ਮਹੀਨੇ ਦਸਮੀ ਦੇ ਦੀਵਾਨ ਮੌਕੇ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ। ਇਸ ਲੜੀ ਅਧੀਨ 2 ਅਕਤੂਬਰ ਨੂੰ ਜਵੱਦੀ ਟਕਸਾਲ ਵਿਖੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਦੋ ਦਰਜਨ ਦੇ ਕਰੀਬ ਪ੍ਰਾਣੀ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਇਸ ਮੌਕੇ ਕਵੀ ਚਰਨਜੀਤ ਸਿੰਘ ਦੋਸ਼ੀ ਦੀ ਪੁਸਤਕ '**ਰਬਾਬ ਤੋਂ ਨਗਾਰੇ ਤੱਕ**', ਗੁਰਨਾਮ ਸਿੰਘ ਕੋਮਲ ਦੀ ਕਾਵਿ ਪੁਸਤਕ '**ਗੁਰਬਾਣੀ ਤੋਂ ਕੁਰਬਾਨੀ ਤੱਕ**', ਹਰਦੇਵ ਸਿੰਘ ਕਲਸੀ ਦੀ ਕਾਵਿ ਰਚਨਾ '**ਰਹਿਤ ਪਿਆਰੀ ਮੁਝ ਕਉ**', ਗੁਰਦੇਵ ਸਿੰਘ ਲਹਿਰ ਦਾ ਕਾਵਿ ਸੰਗ੍ਰਹਿ '**ਕਿਵ ਸਚਿਆਰਾ ਹੋਈਐ** ' ਜਵੱਦੀ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਵੱਲੋਂ ਰਿਲੀਜ਼ ਕੀਤੀ ਗਈ।ਇਸ ਮੌਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਪ੍ਰੋ: ਬਲਵਿੰਦਰਪਾਲ ਸਿੰਘ, ਪ੍ਰੋ: ਮੋਹਨ ਸਿੰਘ ਪਨੇਸਰ, ਪ੍ਰੋ: ਗੁਰਦਿਆਲ ਸਿੰਘ ਕੰਵਲ ਪ੍ਰਧਾਨ ਗੁਰਮਤਿ ਪੰਜਾਬੀ ਕਵੀ ਸਭਾ, ਭਾਈ ਲਾਲੋ ਆਸ਼ਰਮ ਦੇ ਬਾਬਾ ਹਰਜੀਤ ਸਿੰਘ ਭੰਵਰਾ, ਸੁਰਜੀਤ ਸਿੰਘ ਸਾਜਨ, ਹਰਦੇਵ ਸਿੰਘ ਕਲਸੀ, ਪ੍ਰੋ: ਬਲਵਿੰਦਰਪਾਲ ਸਿੰਘ, ਸ: ਗੁਰਨਾਮ ਸਿੰਘ ਕੋਮਲ, ਮਾਸਟਰ ਅਜੀਤ ਸਿੰਘ ਅਜੀਤ, ਸ: ਗੁਰਚਰਨ ਸਿੰਘ ਬਿਜਲੀ ਅਤੇ ਸ: ਗੁਰਚਰਨ ਸਿੰਘ ਨਾਗੀ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

## ਪ੍ਰਸਿੱਧ ਤਬਲਾ ਨਿਵਾਜ਼ ਯੋਗੇਸ਼ ਸ਼ਮਸੀ ਵੱਲੋਂ ਤਬਲਾ ਸੋਲੋ ਦੀ ਪੇਸ਼ਕਾਰੀ

ਲੁਧਿਆਣਾ 28 ਅਕਤੂਬਰ: ਜਵੱਦੀ ਟਕਸਾਲ ਲੁਧਿਆਣਾ ਵੱਲੋਂ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਵਿਖੇ ਵਿਸ਼ਵ ਪ੍ਰਸਿੱਧ ਤਬਲਾ ਨਿਵਾਜ਼ ਉਸਤਾਦ ਅੱਲ੍ਹਾ ਰੱਖਾ ਖਾਂ ਸਾਹਿਬ ਦੇ ਗਾਨਾਬੰਨ੍ਹ ਸ਼ਾਗਿਰਦ ਅਤੇ ਉਸਤਾਦ ਜ਼ਾਕਿਰ ਹੁਸੈਨ ਦੇ ਗੁਰਭਾਈ ਪ੍ਰਸਿੱਧ ਤਬਲਾ ਨਿਵਾਜ਼ ਸ੍ਰੀ ਯੋਗੇਸ਼ ਸਮਸ਼ੀ ਦੇ ਤਬਲਾ ਸੋਲੋ ਦਾ ਸਫਲ ਸ਼ੋਅ ਆਯੋਜਿਤ ਕੀਤਾ ਗਿਆ।

ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਜਵੱਦੀ ਟਕਸਾਲ ਦੇ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਨੇ ਕਿਹਾ ਕਿ ਜਵੱਦੀ ਟਕਸਾਲ ਦੇ ਬਾਨੀ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਗੁਰਮਤਿ ਸਿਧਾਂਤ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਆਰੰਭੀ ਲੜੀ ਨੂੰ ਨਿਰੰਤਰ ਅੱਗੇ ਤੋਰਦਿਆਂ ਵਿਦਿਆਰਥੀਆਂ ਵਿਚ ਸੰਗੀਤ ਪ੍ਰਤੀ ਦਿਲਚਸਪੀ ਨੂੰ ਹੋਰ ਪ੍ਰਬਲ ਕਰਨ ਲਈ ਇਸ ਸਮਾਗਮ ਦਾ ਆਯੋਜਨ ਕੀਤਾ ਗਿਆ ਹੈ।

ਇਸ ਸਮਾਗਮ ਵਿਚ ਸ੍ਰੀ ਯੋਗੇਸ਼ ਸਮਸ਼ੀ ਨੇ ਤਬਲੇ 'ਤੇ ਤਿੰਨ-ਤਾਲ ਦੀ ਪੇਸਕਾਰੀ ਵਿਸਥਾਰ ਸਹਿਤ ਕੀਤੀ। ਇਸ ਮੌਕੇ ਉਸਤਾਦ ਅੱਲ੍ਹਾ ਰੱਖਾ ਖਾਂ ਦੇ ਸ਼ਾਗਿਰਦ ਪ੍ਰੋਫੈਸਰ ਤਰਸੇਮ ਸਿੰਘ, ਲਖਨਊ ਘਰਾਣੇ ਦੇ ਜਨਾਬ ਸ਼ੁਸ਼ੀਲ ਜੈਨ, ਪ੍ਰਸਿੱਧ ਸੂਫੀ ਗਾਇਕ ਜਨਾਬ ਬਰਕਤ ਸਿੱਧੂ, ਸਿਤਾਰ ਦੇ ਉਸਤਾਦ ਪ੍ਰੋਫੈਸਰ ਇੰਦਰਜੀਤ ਸਿੰਘ ਬਿੰਦੂ, ਪ੍ਰੋਫੈਸਰ ਹਰਵਿੰਦਰ ਕੌਰ, ਪ੍ਰੋਫੈਸਰ ਹਰਜੀਤ ਕੌਰ, ਪ੍ਰੋਫੈਸਰ ਹਰਬੀਰ ਕੌਰ, ਪ੍ਰਸਿੱਧ ਤਬਲਾ ਵਾਦਕ ਹਰਜੀਤ ਸਿੰਘ ਬਿੱਟੂ, ਸ੍ਰੀ ਮਾਲਵੀਯ ਜੀ, ਭੁਪਿੰਦਰ ਸਿੰਘ ਬਬਲੂ (ਮੋਗਾ), ਪ੍ਰੋਫੈਸਰ ਅਮਰਜੀਤ ਸਿੰਘ, ਪ੍ਰਿੰਸੀਪਲ ਜਸਪਾਲ ਸਿੰਘ, ਪ੍ਰਿੰਸੀਪਲ ਸਤਨਾਮ ਸਿੰਘ, ਭਾਈ ਬਲਦੇਵ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਦਰਬਾਰਾ ਸਿੰਘ ਅਤੇ ਨਾਮਧਾਰੀ ਸੰਪ੍ਰਦਾਇ ਦੇ ਦੇ ਸੰਗੀਤ ਦੇ ਉਸਤਾਦ ਸਾਹਿਬਾਨ ਨੇ ਵੀ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਤ ਗਿਆਨੀ ਅਮੀਰ ਸਿੰਘ ਜੀ ਵੱਲੋਂ ਸ਼੍ਰੀ ਯੋਗੇਸ਼ ਸਮਸ਼ੀ, ਸ੍ਰੀ ਸ਼ੁਸ਼ੀਲ ਜੈਨ, ਸ੍ਰੀ ਬਰਕਤ ਸਿੱਧੂ, ਪ੍ਰੋ: ਤਰਸੇਮ ਸਿੰਘ, ਪ੍ਰੋ: ਇੰਦਰਜੀਤ ਸਿੰਘ ਬਿੰਦੂ ਨੂੰ ਸਨਮਾਨਿਤ ਕੀਤੀ ਗਿਆ। ਗੁਰ ਸ਼ਬਦ ਸੰਗੀਤ ਅਕੈਡਮੀ ਦੇ ਪ੍ਰਿੰ: ਭਾਈ ਸੁਖਵੰਤ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।